

ਸੱਚ ਦੀ ਆਵਾਜ਼

# ਆਪਣਾ ਪੰਜਾਬ

BILINGUAL

ESTD. 2005

*Journalism With Guts to Tell It Like It Is!*

Google apna punjab media

COVERING DIASPORA INTERNATIONALLY

APNA PUNJAB media.tv HD

Founder & Chief Editor : Gurmit Singh

1 516 989 8001 | 1 631 835 8000

CORPORATE OFFICE : NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com

00 VOL XVIII, ISSUE 1914 | TUESDAY MAY 05, 2026

NEW YORK



# ਭਾਜਪਾ ਦੀ ਬੰਗਾਲ 'ਚ ਇਤਿਹਾਸਕ ਜਿੱਤ

## ਗੰਗੋਤਰੀ ਤੋਂ ਗੰਗਾਸਾਗਰ ਤੱਕ ਖਿੜਿਆ 'ਕਮਲ'

- ਅਸਾਮ 'ਚ ਭਾਜਪਾ ਦੀ ਹੈਟ੍ਰਿਕ, ਤਾਮਿਲਨਾਡੂ 'ਚ ਵਿਜੈ ਦੀ ਟੀਵੀਕੇ ਸਭ ਤੋਂ ਵੱਡੀ ਪਾਰਟੀ
- ਕੇਰਲਾ 'ਚ ਯੂਡੀਐਫ ਦੀ ਵਾਪਸੀ, ਪੁੱਡੂਚੇਰੀ 'ਚ ਐਨਡੀਏ ਮੁੜ ਸੱਤਾ 'ਚ

## ਤੇ ਹੁਣ ਪੰਜਾਬ ਵਿਚ ਰਾਜਨੀਤਿਕ ਗਤਿਵਿਧਿਆਂ ਤੇਜ...








## ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕਿਹਾ, "ਪੱਛਮੀ ਬੰਗਾਲ ਦੀ ਜਿੱਤ ਤੋਂ ਬਾਅਦ ਹੁਣ ਪੰਜਾਬ ਵਿੱਚ ਵੀ ਹੋਵੇਗੀ ਸੱਤਾ ਪਰਿਵਰਤਨ"

ਭਾਜਪਾ ਨੇ ਪੱਛਮੀ ਬੰਗਾਲ ਅਸੈਂਬਲੀ ਚੋਣਾਂ ਵਿੱਚ ਇਤਿਹਾਸਕ ਜਿੱਤ ਦਰਜ ਕੀਤੀ ਹੈ। ਭਾਜਪਾ ਨੇ 294 ਮੈਂਬਰੀ ਬੰਗਾਲ ਅਸੈਂਬਲੀ ਵਿੱਚ 174 ਸੀਟਾਂ ਜਿੱਤ ਲਈਆਂ ਜਦੋਂਕਿ 34 ਸੀਟਾਂ ਉੱਤੇ ਅੱਗੇ ਹੈ। ਤ੍ਰਿਣਮੂਲ ਕਾਂਗਰਸ 80 ਸੀਟਾਂ 'ਤੇ ਸਿਮਟ ਕੇ ਰਹਿ ਗਈ। ਮੁੱਖ ਮੰਤਰੀ ਮਮਤਾ ਬੈਨਰਜੀ ਤੇ ਉਨ੍ਹਾਂ ਦੇ ਤਾਮਿਲ ਨਾਡੂ ਦੇ ਹਮਰੁਤਬਾ ਐੱਮ ਕੇ ਸਟਾਲਿਨ ਆਪੋ-ਆਪਣੇ ਹਲਕਿਆਂ ਤੋਂ ਚੋਣ ਹਾਰ ਗਏ ਜਦੋਂਕਿ ਕੇਰਲਾ ਦੇ ਮੁੱਖ ਮੰਤਰੀ ਪਿਨਾਰਈ ਵਿਜਯਨ ਨੇ ਜਿੱਤ ਦੀ ਹੈਟ੍ਰਿਕ ਲਗਾਈ। ਪੱਛਮੀ ਬੰਗਾਲ 'ਚ ਭਾਜਪਾ ਦੀ ਇਹ ਪਹਿਲੀ ਸਰਕਾਰ ਹੋਵੇਗੀ। ਭਾਜਪਾ ਦੀ ਜਿੱਤ ਨਾਲ ਤ੍ਰਿਣਮੂਲ ਕਾਂਗਰਸ ਦਾ 15 ਸਾਲਾਂ ਦੇ ਕਾਰਜਕਾਲ ਉਪਰ ਵਿਰਾਮ ਲੱਗ ਗਿਆ। ਪੱਛਮੀ ਬੰਗਾਲ ਦੀਆਂ 293 ਸੀਟਾਂ ਲਈ ਹੀ ਅੱਜ ਵੋਟਾਂ ਦੀ ਗਿਣਤੀ ਹੋਈ ਕਿਉਂਕਿ ਚੋਣ ਕਮਿਸ਼ਨ ਨੇ ਦੱਖਣੀ 24 ਪਰਗਨਾ ਜ਼ਿਲ੍ਹੇ ਦੇ ਫਾਲਟਾ ਵਿੱਚ ਵੋਟਿੰਗ ਰੱਦ ਕਰ ਦਿੱਤੀ ਸੀ। ਭਾਜਪਾ ਦਾ ਵੋਟ ਸ਼ੇਅਰ ਕਰੀਬ 45 ਫੀਸਦ ਰਿਹਾ ਜੋ ਪੰਜ ਸਾਲ ਪਹਿਲਾਂ (2021 'ਚ) 38 ਫੀਸਦ ਸੀ। ਸੱਤਾਧਾਰੀ ਤ੍ਰਿਣਮੂਲ ਕਾਂਗਰਸ ਦੇ ਵੋਟ ਫੀਸਦ ਨੂੰ 7.06 ਫੀਸਦ ਦਾ ਖੋਰਾ ਲੱਗਾ, ਜੋ 48 ਫੀਸਦ ਤੋਂ ਡਿੱਗ ਕੇ 40.94 ਫੀਸਦ ਨੂੰ ਪਹੁੰਚ ਗਿਆ। ਭਾਜਪਾ ਉਮੀਦਵਾਰਾਂ ਨੇ ਉੱਤਰੀ ਬੰਗਾਲ ਤੋਂ ਜੰਗਲਮਹਿਲ ਅਤੇ ਸਰਹੱਦੀ ਜ਼ਿਲ੍ਹਿਆਂ ਤੋਂ ਸਨਅਤੀ ਖੇਤਰਾਂ ਲਗਪਗ ਹਰੇਕ ਥਾਂ ਲੀਡ ਦਰਜ ਕੀਤੀ ਹੈ। ਭਾਜਪਾ, ਤ੍ਰਿਣਮੂਲ ਕਾਂਗਰਸ ਦੇ ਗੜ੍ਹ ਵਿੱਚ ਸੰਨ੍ਹ ਲਾਉਣ 'ਚ ਸਫਲ ਰਹੀ। ਤ੍ਰਿਣਮੂਲ ਕਾਂਗਰਸ ਦੇ ਕਈ ਸੀਨੀਅਰ ਆਗੂ ਜਿਨ੍ਹਾਂ ਵਿੱਚ ਬਹੁਗਿਣਤੀ ਮੰਤਰੀਆਂ ਦੀ ਸੀ, ਚੋਣ ਹਾਰ ਗਏ। ਇਨ੍ਹਾਂ ਚੋਣਾਂ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਵੀ ਅਹਿਮ ਕਾਰਕ ਰਹੀ ਹੈ ਕਿਉਂਕਿ 177 ਹਲਕੇ ਅਜਿਹੇ ਹਨ, ਜਿੱਥੇ (ਵੋਟਰ ਸੂਚੀਆਂ 'ਚੋਂ) ਵੋਟਰਾਂ ਦੇ ਨਾਮ ਕੱਟਣ ਦੀ ਗਿਣਤੀ ਜਿੱਤ ਦੇ ਫਰਕ ਨਾਲੋਂ ਵੱਧ ਸੀ।




**ਮਮਤਾ ਬੈਨਰਜੀ ਨੂੰ ਭਾਜਪਾ ਦੇ ਸੁਵੇਂਦੂ ਅਧਿਕਾਰੀ ਨੇ ਭਵਾਨੀਪੁਰ ਹਲਕੇ 'ਚ 15,105 ਵੋਟਾਂ ਦੇ ਵੱਡੇ ਫ਼ਰਕ ਨਾਲ ਹਰਾਇਆ।** ਅਧਿਕਾਰੀ ਨੇ ਨੰਦੀਗ੍ਰਾਮ ਹਲਕੇ ਤੋਂ ਵੀ ਜਿੱਤ ਦਰਜ ਕੀਤੀ ਹੈ।

ਤ੍ਰਿਣਮੂਲ ਸੁਪਰੀਮੋ ਨੇ ਪਾਰਟੀ ਦੀ ਨਮੋਸ਼ੀਜਨਕ ਹਾਰ ਦਾ ਠੀਕਰਾ ਚੋਣ ਕਮਿਸ਼ਨ ਤੇ ਵੋਟਰ ਸੂਚੀਆਂ ਦੀ ਵਿਆਪਕ ਸੁਧਾਈ (ਐੱਸ ਆਈ ਆਰ) ਸਿਰ ਭੰਨਿਆ। ਉਨ੍ਹਾਂ ਕਿਹਾ ਕਿ 'ਐੱਸ ਆਈ ਆਰ' ਕਰ ਕੇ 100 ਸੀਟਾਂ 'ਤੇ ਕਥਿਤ 'ਵੋਟਾਂ ਦੀ ਲੁੱਟ' ਹੋਈ ਹੈ।

**ਅਸਾਮ ਵਿਧਾਨ ਸਭਾ ਚੋਣਾਂ ਵਿੱਚ ਐੱਨ ਡੀ ਏ ਗੱਠਜੋੜ ਨੇ ਵੱਡੀ ਜਿੱਤ ਦਰਜ ਕੀਤੀ ਹੈ।** 126 ਵਿੱਚੋਂ 102 ਸੀਟਾਂ ਜਿੱਤ ਕੇ ਗੱਠਜੋੜ ਨੇ ਸਰਕਾਰ ਬਣਾਉਣ ਲਈ ਲੋੜੀਂਦਾ ਅੰਕੜਾ ਆਸਾਨੀ ਨਾਲ ਪਾਰ ਕਰ ਲਿਆ।ਭਾਜਪਾ ਨੇ 81 ਸੀਟਾਂ ਜਿੱਤੀਆਂ, ਜਦਕਿ ਸਾਥੀ ਪਾਰਟੀਆਂ ਬੀਪੀਐਫ ਅਤੇ ਏਜੀਪੀ ਨੇ 10-10 ਸੀਟਾਂ ਹਾਸਲ ਕੀਤੀਆਂ।

ਵਿਰੋਧੀ ਧਿਰ ਵਿੱਚ ਕਾਂਗਰਸ 18 ਸੀਟਾਂ 'ਤੇ ਰਹੀ। ਮੁੱਖ ਮੰਤਰੀ Himanta Biswa Sarma ਨੇ ਜਾਲੁਕਬਾਰੀ ਤੋਂ ਵੱਡੀ ਜਿੱਤ ਹਾਸਲ ਕੀਤੀ, ਜਦਕਿ ਕਾਂਗਰਸ ਦੇ ਗੌਰਵ ਗੋਗੋਈ ਜੋਰਹਾਟ ਤੋਂ ਹਾਰ ਗਏ।

**ਤਾਮਿਲ ਨਾਡੂ ਵਿੱਚ ਤਾਮਿਲ ਅਦਾਕਾਰ Vijay ਦੀ ਪਾਰਟੀ ਤਾਮਿਲ ਵੇਤਰੀ ਕੜਗਮ (TVK) ਨੇ ਚੋਣ ਸਰਵੇਖਣਾਂ ਦੇ ਉਲਟ ਵੱਡੀ ਜਿੱਤ ਦਰਜ ਕਰਦੇ ਹੋਏ** 107 ਸੀਟਾਂ ਜਿੱਤ ਲਈਆਂ। ਵਿਜੈ ਨੇ ਪੇਰਾਂਬੁਰ ਅਤੇ ਤਿਰੂਚਰਾਪੱਲੀ (ਪੂਰਬੀ) ਦੋਵੇਂ ਹਲਕਿਆਂ ਤੋਂ ਜਿੱਤ ਹਾਸਲ ਕੀਤੀ। ਸੱਤਾਧਾਰੀ ਡੀਐਮਕੇ 60 ਸੀਟਾਂ ਨਾਲ ਦੂਜੇ ਸਥਾਨ 'ਤੇ ਰਹੀ।

ਮੁੱਖ ਮੰਤਰੀ M. K. Stalin ਨੂੰ ਚੇਨੱਈ ਦੀ ਕੋਲਾਥੁਰ ਸੀਟ 'ਤੇ TVK ਦੇ ਵੀ.ਐੱਸ. ਬਾਬੂ ਕੋਲੋਂ 8,795 ਵੋਟਾਂ ਨਾਲ ਹਾਰ ਦਾ ਸਾਹਮਣਾ ਕਰਨਾ ਪਿਆ।

**ਕੇਰਲਾ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਅਗਵਾਈ ਵਾਲੇ ਯੂਡੀਐਫ ਗੱਠਜੋੜ ਨੇ ਵੱਡੀ ਵਾਪਸੀ ਕਰਦਿਆਂ ਸੱਤਾ ਹਾਸਲ ਕਰ ਲਈ ਹੈ।** 140 ਮੈਂਬਰੀ ਸਦਨ ਵਿੱਚ ਕਾਂਗਰਸ ਨੇ 63 ਅਤੇ ਉਸਦੇ ਸਾਥੀ ਆਈਯੂਐਮਐੱਲ ਨੇ 22 ਸੀਟਾਂ ਜਿੱਤੀਆਂ। ਦੂਜੇ ਪਾਸੇ, ਸੀਪੀਆਈ(ਐੱਮ) ਅਗਵਾਈ ਵਾਲਾ ਐੱਲਡੀਐਫ ਗੱਠਜੋੜ ਸੱਤਾ ਤੋਂ ਬਾਹਰ ਹੋ ਗਿਆ। ਮੁੱਖ ਮੰਤਰੀ Pinarayi Vijayan ਨੇ ਧਰਮਾਦਮ ਸੀਟ ਤੋਂ ਲਗਾਤਾਰ ਤੀਜੀ ਵਾਰ ਜਿੱਤ ਦਰਜ ਕੀਤੀ।

**ਪੁੱਡੂਚੇਰੀ ਵਿੱਚ ਏ ਆ ਈ ਐ ਨ ਆ ਰ ਸ ੀ ਅਗਵਾਈ ਵਾਲੇ ਐਨਡੀਏ ਗੱਠਜੋੜ ਨੇ ਲਗਾਤਾਰ ਦੂਜੀ ਵਾਰ ਸੱਤਾ ਹਾਸਲ ਕਰ ਲਈ ਹੈ।** 30 ਮੈਂਬਰੀ ਸਦਨ ਵਿੱਚ ਗੱਠਜੋੜ ਨੇ 17 ਸੀਟਾਂ ਜਿੱਤ ਕੇ ਬਹੁਮਤ ਹਾਸਲ ਕੀਤਾ। ਡੀਐਮਕੇ ਨੂੰ 5 ਅਤੇ ਟੀਵੀਕੇ ਨੂੰ 1 ਸੀਟ ਮਿਲੀ ਹੈ।



Copyright: Apna Punjab Media 2025-26


Graphic & Design: Apna Punjab Media Team



ਸੱਚ ਦੀ ਆਵਾਜ਼
# ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!

Google apna punjab media

Founder & Chief Editor : Gurmit Singh
1 516 989 8001 | 1 631 835 8000

COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com

1 VOL XVIII, ISSUE 1914 | TUESDAY MAY 05, 2026

NEW YORK


# Iran-Israel-US War Update : ਇਰਾਨ ਨਾਲ ਹਾਂ-ਪੱਖੀ ਚਰਚਾ : ਰਾਸ਼ਟਰਪਤੀ ਡੋਨਲਡ ਟਰੰਪ




**ਵਾਸ਼ਿੰਗਟਨ : ਆਪਣਾ ਪੰਜਾਬ ਮੀਡੀਆ :** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਰਾਨ ਨਾਲ ਪਰਦੇ ਪਿੱਛੇ ਹਾਂ-ਪੱਖੀ ਵਾਰਤਾ ਹੋਣ ਦਾ ਦਾਅਵਾ ਕੀਤਾ ਹੈ। ਆਪਣੇ ਸੋਸ਼ਲ ਮੀਡੀਆ ਪਲੈਟਫਾਰਮ 'ਟਰੁਥ ਸੋਸ਼ਲ' 'ਤੇ ਇੱਕ ਪੋਸਟ ਸਾਂਝੀ ਕਰਦਿਆਂ ਟਰੰਪ ਨੇ ਕਿਹਾ ਕਿ ਉਨ੍ਹਾਂ ਦੇ ਨੁਮਾਇੰਦੇ ਇਰਾਨ ਨਾਲ 'ਬੇਹੱਦ ਸਕਾਰਾਤਮਕ' ਚਰਚਾ ਕਰ ਰਹੇ ਹਨ।

ਉਨ੍ਹਾਂ ਉਮੀਦ ਜਤਾਈ ਕਿ ਇਹ ਗੱਲਬਾਤ ਸਾਰਿਆਂ ਲਈ ਬਹੁਤ ਹੀ ਵਧੀਆ ਨਤੀਜਾ ਲੈ ਕੇ ਆ ਸਕਦੀ ਹੈ। ਟਰੰਪ ਦਾ ਇਹ ਬਿਆਨ ਉਨ੍ਹਾਂ ਦੇ ਪਿਛਲੇ ਸਖ਼ਤ ਰੁਖ਼ ਤੋਂ ਉਲਟ ਮੰਨਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੈਂ ਪੂਰੀ ਤਰ੍ਹਾਂ ਜਾਣੂ ਹਾਂ ਕਿ ਮੇਰੇ ਨੁਮਾਇੰਦੇ ਇਰਾਨ ਨਾਲ ਗੱਲਬਾਤ ਕਰ ਰਹੇ ਹਨ ਅਤੇ ਇਹ ਚਰਚਾ ਸਾਰਿਆਂ ਲਈ ਰਾਹਤ ਸਾਬਤ ਹੋ ਸਕਦੀ ਹੈ।" ਅਮਰੀਕੀ ਵਿਸ਼ੇਸ਼ ਦੂਤ ਸਟੀਵ ਵਿਟਕੌਫ ਨੇ ਵੀ ਇਸ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਟੀ ਵੀ ਚੈਨਲ 'ਸੀ ਐੱਨ ਐੱਨ' ਨਾਲ ਗੱਲਬਾਤ ਕਰਦਿਆਂ ਕਿਹਾ ਕਿ ਵਾਸ਼ਿੰਗਟਨ ਅਤੇ ਤਹਿਰਾਨ ਵਿਚਕਾਰ ਸੰਪਰਕ ਜਾਰੀ ਹੈ। ਉਂਝ ਟਰੰਪ ਵੱਲੋਂ ਇੱਕ ਦਿਨ ਪਹਿਲਾਂ ਦਿੱਤੀ ਗਈ ਤਿੱਖੀ ਪ੍ਰਤੀਕਿਰਿਆ ਤੋਂ ਇਹ ਬਿਆਨ ਬਿਲਕੁਲ ਵੱਖਰਾ ਹੈ। ਟਰੰਪ ਨੇ ਇਰਾਨ ਦੀ ਤਾਜ਼ਾ ਤਜਵੀਜ਼ ਨੂੰ ਰੱਦ ਕਰ ਦਿੱਤਾ ਸੀ।

ਉਨ੍ਹਾਂ ਦਾ ਮੰਨਣਾ ਸੀ ਕਿ ਇਰਾਨ ਨੇ ਮਨੁੱਖਤਾ ਵਿਰੁੱਧ ਕੀਤੇ ਆਪਣੇ ਕੰਮਾਂ ਲਈ ਅਜੇ ਤੱਕ ਲੋੜੀਂਦੀ ਕੀਮਤ ਨਹੀਂ ਚੁਕਾਈ ਹੈ।

# Iran-Israel-US War Live: ਹੋਰਮੁਜ਼ ਜਲਡਮਰੂ ਵਿੱਚ ਵਧਿਆ ਤਣਾਅ; ਇਰਾਨੀ ਡਰੋਨ ਹਮਲੇ ਵਿੱਚ 3 ਭਾਰਤੀ ਜ਼ਖ਼ਮੀ



**ਨਵੀਂ ਦਿੱਲੀ : ਆਪਣਾ ਪੰਜਾਬ ਮੀਡੀਆ :** ਸੰਸਾਰ ਦੇ ਸਭ ਤੋਂ ਅਹਿਮ ਸਮੁੰਦਰੀ ਮਾਰਗ ਹੋਰਮੁਜ਼ ਜਲਡਮਰੂ ਵਿੱਚ ਇਰਾਨ ਅਤੇ ਅਮਰੀਕਾ ਵਿਚਾਲੇ ਜੰਗਬੰਦੀ ਦੇ ਖ਼ਤਰੇ ਵਿੱਚ ਪੈਣ ਕਾਰਨ ਤਣਾਅ ਬੇਹੱਦ ਵਧ ਗਿਆ ਹੈ। ਅਮਰੀਕੀ ਫ਼ੌਜ ਨੇ ਸੋਮਵਾਰ ਨੂੰ ਇਸ ਰਸਤੇ ਰਾਹੀਂ ਫਸੇ ਹੋਏ ਵਪਾਰਕ ਜਹਾਜ਼ਾਂ ਨੂੰ ਸੁਰੱਖਿਅਤ ਬਾਹਰ ਕੱਢਣ ਲਈ ਵੱਡੀ ਮੁਹਿੰਮ ਸ਼ੁਰੂ ਕੀਤੀ ਹੈ। ਇਸ ਦੌਰਾਨ ਖ਼ਬਰ ਹੈ ਕਿ ਇਰਾਨੀ ਡਰੋਨ ਵੱਲੋਂ ਸੰਯੁਕਤ ਅਰਬ ਅਮੀਰਾਤ (UAE) ਦੀ ਇਕ ਤੇਲ ਸਹੂਲਤ 'ਤੇ ਕੀਤੇ ਗਏ ਹਮਲੇ ਵਿੱਚ ਤਿੰਨ ਭਾਰਤੀ ਨਾਗਰਿਕ ਜ਼ਖ਼ਮੀ ਹੋ ਗਏ ਹਨ। ਅਮਰੀਕੀ ਸੈਂਟਰਲ ਕਮਾਂਡ ਦੇ ਮੁਖੀ ਐਡਮਿਰਲ ਬ੍ਰੈਡ ਕੂਪਰ ਨੇ ਦੱਸਿਆ ਕਿ ਇਰਾਨ ਨੇ ਸੋਮਵਾਰ ਨੂੰ ਹਾਰਮੁਜ਼ ਦੇ ਇਲਾਕੇ ਵਿੱਚ ਹਮਲਾਵਰ ਰੁਖ਼ ਅਪਣਾਇਆ, ਜਿਸ ਤੋਂ ਬਾਅਦ ਅਮਰੀਕੀ ਹੈਲੀਕਾਪਟਰਾਂ ਨੇ ਇਰਾਨ ਦੀਆਂ ਛੇ ਛੋਟੀਆਂ ਕਿਸ਼ਤੀਆਂ ਨੂੰ ਡੋਬ ਦਿੱਤਾ ਜੋ ਵਪਾਰਕ ਜਹਾਜ਼ਾਂ ਨੂੰ ਨਿਸ਼ਾਨਾ ਬਣਾ ਰਹੀਆਂ ਸਨ।

ਕੂਪਰ ਅਨੁਸਾਰ ਇਰਾਨ ਨੇ ਕਈ ਕਰੂਜ਼ ਮਿਜ਼ਾਈਲਾਂ ਅਤੇ ਡਰੋਨਾਂ ਨਾਲ ਹਮਲੇ ਦੀ ਕੋਸ਼ਿਸ਼ ਕੀਤੀ ਸੀ, ਪਰ ਅਮਰੀਕੀ ਸੁਰੱਖਿਆ ਛੱਤਰੀ ਨੇ ਇਨ੍ਹਾਂ ਸਾਰੇ ਖ਼ਤਰਿਆਂ ਨੂੰ ਨਾਕਾਮ ਕਰ ਦਿੱਤਾ।

ਦੂਜੇ ਪਾਸੇ, ਯੂ.ਏ.ਈ. ਦੇ ਫੁਜੈਰਾਹ ਵਿੱਚ ਇੱਕ ਤੇਲ ਪਾਈਪਲਾਈਨ ਕੇਂਦਰ 'ਤੇ ਹੋਏ ਡਰੋਨ ਹਮਲੇ ਕਾਰਨ ਭਾਰੀ ਅੱਗ ਲੱਗ ਗਈ।

ਸਥਾਨਕ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਇਸ ਘਟਨਾ ਵਿੱਚ ਤਿੰਨ ਭਾਰਤੀ ਨਾਗਰਿਕ ਦਰਮਿਆਨੇ ਰੂਪ ਵਿੱਚ ਜ਼ਖ਼ਮੀ ਹੋਏ ਹਨ, ਜਿਨ੍ਹਾਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਇਸੇ ਦੌਰਾਨ ਬ੍ਰਿਟਿਸ਼ ਫ਼ੌਜ ਨੇ ਵੀ ਯੂ.ਏ.ਈ. ਦੇ ਤੱਟ ਨੇੜੇ ਇੱਕ ਮਾਲਵਾਹਕ ਜਹਾਜ਼ ਨੂੰ ਅੱਗ ਲੱਗਣ ਦੀ ਰਿਪੋਰਟ ਦਿੱਤੀ ਹੈ।

# ਬੇੜਿਆਂ ਲਈ 'ਰਾਹ ਦਸੇਰਾ' ਬਣੀ ਅਮਰੀਕੀ ਟਾਸਕ ਫੋਰਸ

### ਇਰਾਨ ਦੇ ਕੰਟਰੋਲ ਵਾਲੇ ਹਰਮੁਜ਼ ਜਲ ਮਾਰਗ ਵਿੱਚ ਫਸੇ ਬੇੜਿਆਂ ਨੂੰ 'ਰਾਹ ਦਿਖਾਉਣ' ਦੀ ਪਹਿਲ ਕੀਤੀ ਸ਼ੁਰੂ



**ਦੁਬਈ : ਆਪਣਾ ਪੰਜਾਬ ਮੀਡੀਆ :** ਅਮਰੀਕਾ ਦੀ ਅਗਵਾਈ ਵਾਲੀ ਟਾਸਕ ਫੋਰਸ ਨੇ ਇਰਾਨ ਦੇ ਕੰਟਰੋਲ ਵਾਲੇ ਹਰਮੁਜ਼ ਜਲ ਮਾਰਗ ਵਿੱਚ ਫਸੇ ਬੇੜਿਆਂ ਨੂੰ 'ਰਾਹ ਦਿਖਾਉਣ' ਦੀ ਪਹਿਲ ਸ਼ੁਰੂ ਕੀਤੀ ਹੈ।

ਉਧਰ, ਇਰਾਨ ਜੰਗਦੇਖ਼ਾਤਮੇ ਸਬੰਧੀ ਆਪਣੀ ਸੱਜਰੀ ਤਜਵੀਜ਼ ਬਾਰੇ ਅਮਰੀਕੀ ਜਵਾਬ ਦੀ ਸਮੀਖਿਆ ਕਰ ਰਿਹਾ ਹੈ। ਤਹਿਰਾਨ ਨੇ ਹਾਲਾਂਕਿ ਸਾਫ਼ ਕਰ ਦਿੱਤਾ ਹਰਮੁਜ਼ ਜਲ ਮਾਰਗ 'ਤੇ ਉਸ ਦਾ ਕੰਟਰੋਲ ਬਰਕਰਾਰ ਹੈ ਤੇ ਉਹ ਬੇੜਿਆਂ ਤੋਂ ਰਾਹਦਾਰੀ ਵਸੂਲਣ ਦਾ ਅਮਲ ਜਾਰੀ ਰੱਖੇਗਾ। ਰਾਸ਼ਟਰਪਤੀ ਟਰੰਪ ਵੱਲੋਂ ਇਕ ਦਿਨ ਪਹਿਲਾਂ ਐਲਾਨੇ 'ਪ੍ਰਾਜੈਕਟ ਫਰੀਡਮ' ਤਹਿਤ ਜੁਆਇੰਟ ਮੈਰੀਟਾਈਮ ਸੂਚਨਾ ਕੇਂਦਰ ਨੇ ਸੋਮਵਾਰ ਨੂੰ ਕਿਹਾ ਕਿ ਅਮਰੀਕਾ ਨੇ ਦੱਖਣ ਵਿੱਚ ਆਮ ਸ਼ਿਪਿੰਗ ਮਾਰਗਾਂ ਲਈ 'ਵਧਿਆ ਹੋਇਆ ਸੁਰੱਖਿਆ ਖੇਤਰ' ਬਣਾਇਆ ਹੈ ਤੇ ਮਲਾਹਾਂ ਨੂੰ ਅਪੀਲ ਕੀਤੀ ਹੈ ਕਿ ਉਹ 'ਅਨੁਮਾਨਿਤ ਭਾਰੀ ਆਵਾਜਾਈ ਕਰ ਕੇ' ਓਮਾਨ ਦੇ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰਨ। ਇਹ ਜਲ ਮਾਰਗ ਇਰਾਨ ਤੇ ਓਮਾਨ ਦੇ ਖੇਤਰਾਂ ਵਿਚਾਲੇ ਹੈ।








Copyright: Apna Punjab Media 2025-26


Graphic & Design: Apna Punjab Media Team

ਸੱਚ ਦੀ ਆਵਾਜ਼

ਆਪਣਾ ਪੰਜਾਬ

BILINGUAL

ESTD. 2005

*Journalism With Guts to Tell It Like It Is!*

Google apna punjab media

COVERING DIASPORA INTERNATIONALLY

APNA PUNJAB media.tv HD

Founder & Chief Editor : Gurmit Singh

1 516 989 8001 | 1 631 835 8000

CORPORATE OFFICE :

NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com



ੴ ਸਤਿਗੁਰ ਪ੍ਰਸਾਦਿ॥

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ।। ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ।।

ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ THE SIKH CULTURAL SOCIETY INC

# ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ

95-30-118 ਸਟਰੀਟ, ਰਿਚਮੰਡ ਹਿੱਲ, ਨਿਊਯਾਰਕ 11419



ਦੀ ਸਮੁੱਚੀ ਪ੍ਰਬੰਧਕ ਕਮੇਟੀ ਸੇਵਾਦਾਰਾਂ, ਪੰਥਕ ਜਥੇਬੰਦੀਆਂ, ਸੇਵਾ ਸੋਸਾਇਟੀਆਂ ਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਜੂਨ 1984 ਦੇ ਘੱਲੂਘਾਰੇ ਦੀ ਯਾਦ ਵਿੱਚ ਅਤੇ ਸਮੂਹ ਸ਼ਹੀਦਾਂ ਦੀ ਅਦਭੁਤ ਸ਼ਹਾਦਤ ਨੂੰ ਨਤਮਸਤਕ ਹੁੰਦਿਆਂ, ਗੁਰਦੁਆਰਾ ਸਿੱਖ ਕਲਚਰਲ ਸੋਸਾਇਟੀ ਵਿਖੇ **5, 6 ਅਤੇ 7 ਜੂਨ 2026** ਨੂੰ ਵਿਸ਼ੇਸ਼ ਧਾਰਮਿਕ ਸਮਾਗਮ ਕਰਵਾਏ ਜਾਣਗੇ

**ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ**
5 ਜੂਨ ਦਿਨ ਸ਼ੁੱਕਰਵਾਰ ਸਵੇਰੇ 10 ਵਜੇ

**ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ**
7 ਜੂਨ ਦਿਨ ਐਤਵਾਰ ਸਵੇਰੇ 9:30 ਵਜੇ

**ਐਤਵਾਰ ਨੂੰ ਦਿਨ-ਭਰ ਦੀਵਾਨ ਸਜਾਏ ਜਾਣਗੇ, ਜਿਸ ਵਿੱਚ ਕੀਰਤਨੀ ਜੱਥੇ ਪ੍ਰਚਾਰ ਕਥਾਵਾਚਕ, ਰਾਗੀ ਢਾਡੀ ਸਹਿਬਾਨ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ**



ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਜੂਨ 1984 ਦੇ ਘੱਲੂਘਾਰੇ ਨੂੰ ਸ਼ਰਧਾ ਸਹਿਤ ਯਾਦ ਕਰਦਿਆਂ ਅਤੇ ਸਮੂਹ ਸ਼ਹੀਦਾਂ ਨੂੰ ਕੋਟਿ-ਕੋਟਿ ਪ੍ਰਣਾਮ ਕਰਦਿਆਂ ਆਪਣੇ ਪਰਿਵਾਰਾਂ ਸਮੇਤ ਸਮਾਗਮ ਵਿੱਚ ਸ਼ਮੂਲੀਅਤ ਕਰੋ ਅਤੇ ਸੇਵਾਵਾਂ ਵਿੱਚ ਭਾਗ ਲੈ ਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਹਾਸਲ ਕਰੋ ਜੀ।

**ਬੇਨਤੀ ਕਰਤਾ** ਸਮੂਹ ਪ੍ਰਬੰਧਕ ਕਮੇਟੀ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ, ਨਿਊਯਾਰਕ ਫ਼ੋਨ 718-846-3333



ਭਾਈ ਧਰਮਵੀਰ ਸਿੰਘ
Head Granthi
516-604-8448



ਸ. ਜਤਿੰਦਰ ਸਿੰਘ ਬੋਪਾਰਾਏ
President
718-989-0651



ਸ. ਹਰਵੰਸ ਸਿੰਘ ਢਿੱਲੋਂ
Co-Cronator
917-515-1721



ਸ. ਗੁਰਦੇਵ ਸਿੰਘ ਕੰਗ
Co-Cronator
718-974-4827



ਬਾਬੂ ਜੋਗਿੰਦਰ ਸਿੰਘ
Chairman BOT
347-681-1222



ਜਗੀਰ ਸਿੰਘ ਖਨੀਲ
Gen Secretary
347-261-1483



ਬਲਾਕਾ ਸਿੰਘ
Secretary
646-645-7373



ਸੰਦੀਪ ਸਿੰਘ ਜਿੰਮੀ
Vice President
646-339-3186



ਬੂਟਾ ਸਿੰਘ ਚੀਮਾ
Treasurer
917-518-1574



ਜਸਵਿੰਦਰ ਸਿੰਘ ਖੱਖ
Secretary BOT
917-892-9790



Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH

Founder & Chief Editor : Gurmit Singh
1 516 989 8001 | 1 631 835 8000

Follow Us On /apnapunjabmedia
www.apnapunjabmedia.com newsroom@apnapunjabmedia.com



VOL XVIII, ISSUE 1914 | TUESDAY MAY 05, 2026




# ਅਮਰੀਕਾ ਵਲੋਂ Strait of Hormuz 'ਚ ਫਸੇ ਜਹਾਜ਼ਾਂ ਨੂੰ ਕੱਢਣ ਲਈ 'ਪ੍ਰੋਜੈਕਟ ਫ੍ਰੀਡਮ' ਦਾ ਕੀਤਾ ਗਿਆ ਐਲਾਨ

**ਵਾਸ਼ਿੰਗਟਨ : ਆਪਣਾ ਪੰਜਾਬ ਮੀਡੀਆ :** ਅਮਰੀਕੀ ਰਾਸ਼ਟਰਪਤੀ ਡੋਨਾਲਡ ਜੇ. ਟਰੰਪ ਨੇ ਮੱਧ ਪੂਰਬ ਵਿੱਚ ਚੱਲ ਰਹੇ ਤਣਾਅ ਦੇ ਵਿਚਕਾਰ ਇੱਕ ਮਹੱਤਵਪੂਰਨ ਮਾਨਵਤਾਵਾਦੀ ਪਹਿਲਕਦਮੀ, 'ਪ੍ਰੋਜੈਕਟ ਫ੍ਰੀਡਮ' ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਸ ਯੋਜਨਾ ਤਹਿਤ ਅਮਰੀਕਾ ਉਨ੍ਹਾਂ ਦੇਸ਼ਾਂ ਦੇ ਜਹਾਜ਼ਾਂ ਨੂੰ ਹੋਰਮੁਜ਼ ਦੀ ਜਲਡਮਰੂ (Strait of Hormuz) ਵਿੱਚੋਂ



ਸੁਰੱਖਿਅਤ ਬਾਹਰ ਕੱਢਣ ਵਿੱਚ ਮਦਦ ਕਰੇਗਾ, ਜੋ ਮੌਜੂਦਾ ਵਿਵਾਦ ਵਿੱਚ ਸ਼ਾਮਲ ਨਹੀਂ ਹਨ ਪਰ ਉੱਥੇ ਫਸੇ ਹੋਏ ਹਨ। ਸਰੋਤਾਂ ਅਨੁਸਾਰ, ਦੁਨੀਆ ਭਰ ਦੇ ਕਈ ਦੇਸ਼ਾਂ ਨੇ ਅਮਰੀਕਾ ਨੂੰ ਅਪੀਲ ਕੀਤੀ ਸੀ ਕਿ ਉਹ ਉਨ੍ਹਾਂ ਦੇ ਜਹਾਜ਼ਾਂ ਨੂੰ ਆਜ਼ਾਦ ਕਰਵਾਉਣ ਵਿੱਚ ਮਦਦ ਕਰੇ। ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਇਹ ਜਹਾਜ਼ ਬਿਲਕੁਲ ਨਿਰਪੱਖ ਹਨ ਅਤੇ ਇਨ੍ਹਾਂ ਦਾ ਖੇਤਰੀ ਵਿਵਾਦਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਰਿਪੋਰਟਾਂ ਮੁਤਾਬਕ ਇਨ੍ਹਾਂ ਜਹਾਜ਼ਾਂ 'ਤੇ ਸਵਾਰ ਚਾਲਕ ਦਲ ਦੇ ਮੈਂਬਰਾਂ ਕੋਲ ਭੋਜਨ ਅਤੇ ਹੋਰ ਜ਼ਰੂਰੀ ਸਾਮਾਨ ਦੀ ਭਾਰੀ ਕਮੀ ਹੋ ਰਹੀ ਹੈ।

## ਫਰਿਜ਼ਨੋ ਵਿਖੇ ਨੌਜਵਾਨ ਪੰਜਾਬੀ ਮਕੈਨਿਕ ਦੀ ਦਰਦਨਾਕ ਮੌਤ, ਭਾਈਚਾਰੇ 'ਚ ਸੋਗ ਦੀ ਲਹਿਰ



**ਫਰਿਜ਼ਨੋ : ਆਪਣਾ ਪੰਜਾਬ ਮੀਡੀਆ :** ਮਿੰਨੀ ਪੰਜਾਬ ਵਜੋਂ ਜਾਣੇ ਜਾਂਦੇ ਸੈਂਟਰਲ ਵੈਲੀ ਦੇ ਸ਼ਹਿਰ ਫਰਿਜ਼ਨੋ ਤੋਂ ਇੱਕ ਬੇਹੱਦ ਦੁਖਦਾਈ ਖ਼ਬਰ ਸਾਹਮਣੇ ਆਈ ਹੈ, ਜਿੱਥੇ ਇੱਕ ਨੌਜਵਾਨ ਪੰਜਾਬੀ ਮਕੈਨਿਕ ਦੀ ਟਰੱਕ-ਟ੍ਰੇਲਰ ਹਾਦਸੇ ਵਿੱਚ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਗੁਰਪ੍ਰੀਤ ਸਿੰਘ ਵਜੋਂ ਹੋਈ ਹੈ, ਜਿਸ ਦੀ ਉਮਰ ਲਗਭਗ 20–21 ਸਾਲ ਦੱਸੀ ਜਾ ਰਹੀ ਹੈ ਅਤੇ ਉਹ ਪੰਜਾਬ ਦੇ ਪਟਿਆਲਾ ਇਲਾਕੇ ਨਾਲ ਸੰਬੰਧਤ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਦਰਦਨਾਕ ਹਾਦਸਾ ਫਰਿਜ਼ਨੋ ਦੀ ਇੱਕ ਟਰੱਕ-ਟ੍ਰੇਲਰ ਮੁਰੰਮਤ ਸ਼ਾਪ ਵਿੱਚ ਵਾਪਰਿਆ, ਜਿੱਥੇ ਗੁਰਪ੍ਰੀਤ ਸਿੰਘ ਮਕੈਨਿਕ ਵਜੋਂ ਕੰਮ ਕਰ ਰਿਹਾ ਸੀ। ਦੱਸਿਆ ਜਾ ਰਿਹਾ ਹੈ ਕਿ ਇੱਕ ਟ੍ਰੇਲਰ ਮੁਰੰਮਤ ਲਈ ਖੜ੍ਹਾ ਕੀਤਾ ਹੋਇਆ ਸੀ ਅਤੇ ਚੋਰੀ ਤੋਂ ਬਚਾਅ ਲਈ ਉਸ ਦੇ ਕਿੰਗਪਿੰਨ ਨੂੰ ਲਾਕ ਲਾਇਆ ਗਿਆ ਸੀ। ਘਟਨਾ ਦੌਰਾਨ ਇੱਕ ਟਰੱਕ ਡਰਾਈਵਰ ਟ੍ਰੇਲਰ ਨੂੰ ਹੁੱਕ ਕਰਨ ਲਈ ਆਇਆ। ਜਦੋਂ ਉਸਨੇ ਵੇਖਿਆ ਕਿ ਕਿੰਗਪਿੰਨ ਲਾਕ ਹੈ, ਤਾਂ ਉਸਨੇ ਟ੍ਰੇਲਰ ਦੇ ਲੈਂਡਿੰਗ ਗੀਅਰ ਉੱਪਰ ਚੁੱਕ ਦਿੱਤੇ ਅਤੇ ਚਾਬੀ ਲੈਣ ਲਈ ਅੰਦਰ ਚਲਾ ਗਿਆ। ਇਸ ਦੌਰਾਨ ਗੁਰਪ੍ਰੀਤ ਸਿੰਘ ਮੌਕੇ 'ਤੇ ਆ ਗਿਆ। ਡਰਾਈਵਰ ਨੇ ਉਸ ਨੂੰ ਟ੍ਰੇਲਰ ਹੇਠਾਂ ਜਾ ਕੇ ਲਾਕ ਖੋਲ੍ਹਣ ਲਈ ਕਿਹਾ। ਬਦਕਿਸਮਤੀ ਨਾਲ ਗੁਰਪ੍ਰੀਤ ਸਿੰਘ ਨੂੰ ਇਹ ਗੱਲ ਪਤਾ ਨਾ ਲੱਗੀ ਕਿ ਟ੍ਰੇਲਰ ਦਾ ਲੈਂਡਿੰਗ ਗੀਅਰ ਉੱਪਰ ਕੀਤਾ ਹੋਇਆ ਹੈ। ਉਸਨੇ ਡਰਾਈਵਰ ਨੂੰ ਟਰੱਕ ਅੱਗੇ ਕਰਨ ਲਈ ਕਿਹਾ। ਜਿਵੇਂ ਹੀ ਟ੍ਰੇਲਰ ਟਰੱਕ ਦੀ ਚੈਸੀ 'ਤੇ ਡਿੱਗਿਆ, ਗੁਰਪ੍ਰੀਤ ਸਿੰਘ ਟਰੱਕ ਅਤੇ ਟ੍ਰੇਲਰ ਵਿਚਕਾਰ ਆ ਜਾਣ ਕਰਕੇ ਮੌਕੇ 'ਤੇ ਹੀ ਦਮ ਤੋੜ ਗਿਆ।

## ਫਰਿਜ਼ਨੋ ਵਿੱਚ ਸੁਧਾਰ ਲਹਿਰ ਦਾ ਵਿਸ਼ੇਸ਼ ਸਮਾਗਮ, ਪਰਮਿੰਦਰ ਸਿੰਘ ਢੀਂਡਸਾ ਨੇ ਪੰਜਾਬ ਦੇ ਮੌਜੂਦਾ ਹਾਲਾਤਾਂ 'ਤੇ ਰੱਖੇ ਵਿਚਾਰ

**ਫਰਿਜ਼ਨੋ : ਆਪਣਾ ਪੰਜਾਬ ਮੀਡੀਆ :** ਪੰਜਾਬ ਦੀ ਰਾਜਨੀਤੀ ਵਿੱਚ ਸੁਧਾਰ ਲਹਿਰ ਨੂੰ ਅੱਗੇ ਵਧਾਉਂਦੇ ਹੋਏ ਸਾਬਕਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਅਮਰੀਕਾ ਦੌਰੇ ਦੌਰਾਨ ਫਰਿਜ਼ਨੋ ਪਹੁੰਚੇ, ਜਿੱਥੇ ਉਨ੍ਹਾਂ ਨੇ ਸਥਾਨਕ ਪੰਜਾਬੀ ਭਾਈਚਾਰੇ ਨਾਲ ਰੂਬਰੂ ਹੋ ਕੇ ਆਪਣੇ ਵਿਚਾਰ ਸਾਂਝੇ ਕੀਤੇ। ਇਹ ਸਮਾਗਮ 'ਤੰਦੂਰੀ ਪਿੱਜ਼ਾ' ਵਿਖੇ ਆਯੋਜਿਤ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਫਰਿਜ਼ਨੋ ਨਿਵਾਸੀਆਂ ਨੇ ਹਾਜ਼ਰੀ ਭਰੀ। ਇਸ ਪ੍ਰੋਗਰਾਮ ਦੇ ਆਯੋਜਨ 'ਚ ਸਰਪੰਚ ਜੁਗਰਾਜ ਸਿੰਘ ਦੌਧਰ (ਸ਼੍ਰੋਮਣੀ ਕਮੇਟੀ ਮੈਂਬਰ), ਉਨ੍ਹਾਂ ਦੇ ਪੁੱਤਰ ਗੁਰਪ੍ਰੀਤ ਸਿੰਘ ਦੌਧਰ ਅਤੇ ਗੁਰਜਪਾਲ ਸਿੰਘ ਸਿੱਧੂ ਸਮੇਤ ਸਾਥੀਆਂ



ਦਾ ਵਿਸ਼ੇਸ਼ ਯੋਗਦਾਨ ਰਿਹਾ। ਸਮਾਗਮ ਵਿੱਚ ਪੰਜਾਬ ਪੁਲਸ ਦੇ ਰਿਟਾਇਰਡ ਆਲਾ ਅਫਸਰਾਂ ਬਲਰਾਜ ਸਿੰਘ ਤੇ ਮੇਜਰ ਸਿੰਘ ਢਿੱਲੋਂ ਨੇ ਵੀ ਖਾਸ ਤੌਰ 'ਤੇ ਸ਼ਿਰਕਤ ਕੀਤੀ। ਸਮਾਗਮ ਦੌਰਾਨ ਪਰਮਿੰਦਰ ਸਿੰਘ ਢੀਂਡਸਾ ਨੇ ਪੰਜਾਬ ਦੇ ਤਾਜ਼ਾ ਰਾਜਨੀਤਿਕ ਹਾਲਾਤਾਂ 'ਤੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਸੁਧਾਰ ਲਹਿਰ ਦਾ ਮਕਸਦ ਸਿਰਫ਼ ਸੱਤਾ ਪ੍ਰਾਪਤ ਕਰਨਾ ਨਹੀਂ, ਸਗੋਂ ਪੰਥ ਅਤੇ ਪੰਜਾਬ ਦੀ ਭਲਾਈ ਲਈ ਸਿਆਸੀ ਸਿਸਟਮ ਵਿੱਚ ਸੁਧਾਰ ਲਿਆਉਣਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ, "ਅਸੀਂ ਬਿਨਾਂ ਕਿਸੇ ਸੱਤਾ ਦੇ ਲਾਲਚ ਦੇ ਆਪਣੀ ਵਚਨਬੱਧਤਾ 'ਤੇ ਕਾਇਮ ਹਾਂ ਅਤੇ ਅਕਾਲੀ ਦਲ ਵਿੱਚ ਹੋਈਆਂ ਗਲਤੀਆਂ ਨੂੰ ਠੀਕ ਕਰਨ ਲਈ ਇਹ ਲਹਿਰ ਚਲਾਈ ਜਾ ਰਹੀ ਹੈ। ਜਦ ਤੱਕ ਲੀਡਰਸ਼ਿਪ ਸੁਧਾਰ ਦੇ ਰਸਤੇ 'ਤੇ ਨਹੀਂ ਆਉਂਦੀ, ਅਸੀਂ ਆਪਣੀ ਕੋਸ਼ਿਸ਼ ਜਾਰੀ ਰੱਖਾਂਗੇ।

## New York ਦੇ ਮੇਅਰ Zohran Mamdani ਨੇ ਸਿੱਖ ਆਫੀਸਰਜ਼ ਐਸੋਸੀਏਸ਼ਨ ਨਾਲ ਮਨਾਈ ਵਿਸਾਖੀ

**ਨਿਊਯਾਰਕ : ਆਪਣਾ ਪੰਜਾਬ ਮੀਡੀਆ :** ਅਮਰੀਕਾ ਵਿੱਚ ਸਿੱਖ ਭਾਈਚਾਰੇ ਪ੍ਰਤੀ ਇੱਕ ਵਾਰ ਫਿਰ ਸਤਿਕਾਰ ਪ੍ਰਗਟ ਕਰਦਿਆਂ, ਨਿਊਯਾਰਕ ਦੇ ਮੇਅਰ ਜ਼ੋਹਰਾਨ ਮਮਦਾਨੀ, "ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਮਨਾਉਣ ਲਈ ਸਿੱਖ ਆਫੀਸਰਜ਼



ਐਸੋਸੀਏਸ਼ਨ ਦੇ ਨਾਲ ਖੜ੍ਹੇ ਹੋਏ। ਉਨ੍ਹਾਂ ਕਿਹਾ ਕਿ ਮੈਂ ਉਨ੍ਹਾਂ ਸਿੱਖ ਅਫਸਰਾਂ ਅੱਗੇ ਨਿਮਰ ਹਾਂ ਜੋ ਇਨ੍ਹਾਂ ਕਦਰਾਂ-ਕੀਮਤਾਂ ਨੂੰ ਰੋਜ਼ਾਨਾ ਸਾਡੀਆਂ ਸੜਕਾਂ 'ਤੇ ਲੈ ਕੇ ਜਾਂਦੇ ਹਨ। ਨਿਰਭਉ ਨਿਰਵੈਰ, ਬਿਨਾਂ ਕਿਸੇ ਡਰ ਦੇ, ਬਿਨਾਂ ਕਿਸੇ ਨਫ਼ਰਤ ਦੇ। ਸਾਰਿਆਂ ਨੂੰ ਵਿਸਾਖੀ ਦੀਆਂ ਮੁਬਾਰਕਾਂ।" ਕਿੰਗ ਚਾਰਲਸ ਦੀ ਹਾਲ ਹੀ ਦੀ ਅਮਰੀਕਾ ਫੇਰੀ ਦੌਰਾਨ, ਮਮਦਾਨੀ ਨੇ ਯੂਕੇ ਤੋਂ ਅਨਮੋਲ ਕੋਹਿਨੂਰ ਹੀਰਾ ਵਾਪਸ ਕਰਨ ਦੀ ਮੰਗ ਕੀਤੀ ਸੀ। ਮੁਗਲਾਂ, ਫਾਰਸੀਆਂ ਅਤੇ ਅਫਗਾਨਾਂ ਦੇ ਹੱਥਾਂ ਵਿੱਚੋਂ ਲੰਘਦਾ ਹੋਇਆ, ਇਹ ਪੱਥਰ 1849 ਵਿੱਚ ਦਲੀਪ ਸਿੰਘ ਵੱਲੋਂ ਹਸਤਾਖਰ ਕੀਤੇ ਗਏ ਇੱਕ ਸਮਝੌਤੇ ਤੋਂ ਬਾਅਦ ਬ੍ਰਿਟਿਸ਼ ਨੂੰ ਸੌਂਪ ਦਿੱਤਾ ਗਿਆ ਸੀ।


Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
COVERING DIASPORA INTERNATIONALLY
APNA PUNJAB media.tv HD
Founder & Chief Editor : Gurmit Singh
1 516 989 8001 | 1 631 835 8000
CORPORATE OFFICE : NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com



VOL XVIII, ISSUE 1914 | TUESDAY MAY 05, 2026



YOU'RE INVITED TO

# GRAND OPENING

2160 Jericho Turnpike, 6 Commack, NY 11725

SYMBOL OF PURITY
APNA BAZAR
FARMERS MARKET

THURSDAY MAY 7 8 AM 2026



ON PURCHASE OF $100 GET 1 GALLAN MILK FREE

## WELCOME TO A BRAND-NEW SHOPPING EXPERIENCE AT APNA BAZAR

*Cafe & Kitchen*

BETTER QUALITY | BETTER PRICES | BETTER SHOPPING EXPERIENCE ✨

*Step into a world of freshness, flavor & convenience – all under one roof!*

- FARM-FRESH FRUITS & VEGETABLES
- AUTHENTIC ETHNIC GROCERIES & DAILY ESSENTIALS
- PREMIUM HALAL MEAT, CHICKEN & FRESH FISH
- IN-HOUSE CAFÉ & KITCHEN WITH DELICIOUS BITES

BRING YOUR FAMILY & FRIENDS AND BE PART OF THIS EXCITING BEGINNING.

DON'T MISS THE GRAND OPENING –WE CAN'T WAIT TO WELCOME YOU! 💚


Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
COVERING DIASPORA INTERNATIONALLY
APNA PUNJAB media.tv HD
Founder & Chief Editor: Gurmit Singh
1 516 989 8001 | 1 631 835 8000
CORPORATE OFFICE:
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com


# ਤਿੰਨ ਸੂਬਿਆਂ ਦੀ ਜਿੱਤ ਮਗਰੋਂ ਭਾਜਪਾਈ ਪੰਜਾਬ ਲਈ ਪੱਬਾਂ ਭਾਰ



**ਚੰਡੀਗੜ੍ਹ : ਆਪਣਾ ਪੰਜਾਬ ਮੀਡੀਆ :** ਪੰਜਾਬ 'ਚ ਹੁਣ ਇੱਕੋ ਸਵਾਲ ਉੱਠ ਰਿਹਾ ਹੈ ਕਿ ਕੀ ਪੱਛਮੀ ਬੰਗਾਲ ਚੋਣਾਂ ਦਾ ਪਰਛਾਵਾਂ ਪੰਜਾਬ 'ਤੇ ਵੀ ਪਵੇਗਾ? ਭਾਜਪਾਈ ਇਸ ਗੱਲੋਂ ਉਤਸ਼ਾਹ 'ਚ ਹਨ ਕਿ ਹੁਣ ਪੰਜਾਬ ਦੇ ਸਿਆਸੀ ਰਾਹ ਵੀ ਮੋਕਲੇ ਹੋਣਗੇ। ਦੂਜੇ ਪਾਸੇ 'ਆਪ' ਸਰਕਾਰ ਨੇ ਨਵੇਂ ਸਿਆਸੀ ਹੱਲਿਆਂ ਨੂੰ ਠੱਲ੍ਹਣ ਬਾਰੇ ਵਿਚਾਰ ਕਰਨੇ ਸ਼ੁਰੂ ਕਰ ਦਿੱਤੇ ਹਨ। ਸ਼੍ਰੋਮਣੀ ਅਕਾਲੀ ਦਲ ਨਵੇਂ ਸਿਆਸੀ ਸਮੀਕਰਨਾਂ ਮਗਰੋਂ ਫਿਲਹਾਲ ਤੇਲ ਦੀ ਧਾਰ ਦੇਖਣ ਦੇ ਰੌਂਅ 'ਚ ਹੈ।

ਪੰਜਾਬ ਕਾਂਗਰਸ ਪੱਛਮੀ ਬੰਗਾਲ ਨਹੀਂ, ਕੇਰਲਾ ਦੇ ਚੋਣ ਨਤੀਜੇ 'ਤੇ ਫੋਕਸ ਕਰ ਰਹੀ ਹੈ। 'ਆਪ' ਦੇ ਸੱਤ ਰਾਜ ਮੈਂਬਰਾਂ ਦੇ ਭਾਜਪਾ 'ਚ ਰਲੇਵੇਂ ਮਗਰੋਂ ਭਾਜਪਾ ਹੁਣ ਨਵੀਂ ਰਾਜਸੀ

## ਦਿਹਾਤੀ ਪੰਜਾਬ ਦੀ ਨਾਰਾਜ਼ਗੀ ਵੱਡੀ ਚੁਣੌਤੀ

ਸੰਨ੍ਹ ਲਾਉਣ ਦੀ ਤਾਕ 'ਚ ਹੈ ਪਰ 'ਆਪ' ਨੇ ਪਹਿਲਾਂ ਹੀ ਪਹਿਰੇਦਾਰੀ ਵਧਾ ਦਿੱਤੀ ਹੈ।

ਭਾਜਪਾ ਨਵੀਂ ਰਣਨੀਤੀ ਤਹਿਤ ਸੰਸਦ ਮੈਂਬਰ ਰਾਘਵ ਚੱਢਾ ਅਤੇ ਸੰਦੀਪ ਪਾਠਕ ਨੂੰ 'ਮਿਸ਼ਨ ਪੰਜਾਬ' ਦੀ ਤਿਆਰੀ ਲਈ ਪੰਜਾਬ ਭੇਜਣ ਦੀ ਤਿਆਰੀ 'ਚ ਹੈ।

ਭਾਜਪਾ ਦੋਵੇਂ ਆਗੂਆਂ ਦੇ ਰਣਨੀਤਕ ਹੁਨਰ ਦਾ ਫਾਇਦਾ ਲੈਣਾ ਚਾਹੁੰਦੀ ਹੈ ਕਿਉਂਕਿ ਉਹ ਪੰਜਾਬ 'ਚ ਸੰਗਠਨ ਦੇ ਪਸਾਰ ਤੇ ਮਜ਼ਬੂਤੀ ਦਾ ਤਜਰਬਾ ਰੱਖਦੇ ਹਨ। ਰਾਘਵ ਅਤੇ ਪਾਠਕ ਦੀ ਜੋੜੀ ਨੇ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਜ਼ਮੀਨੀ ਪੱਧਰ 'ਤੇ ਕੰਮ ਕੀਤਾ ਸੀ। ਉਸ ਸਮੇਂ 92 ਸੀਟਾਂ 'ਆਪ' ਦੀ ਝੋਲੀ ਪਈਆਂ ਸਨ। ਸਿਆਸੀ ਹਲਕਿਆਂ ਮੁਤਾਬਕ ਬੰਗਾਲ ਅਤੇ ਪੰਜਾਬ ਦਾ ਸਿਆਸੀ ਸੁਭਾਅ ਅਤੇ ਪੈਟਰਨ ਇੱਕੋ ਜਿਹਾ ਹੈ ਅਤੇ ਕਦੇ ਵੀ ਦੋਵੇਂ ਸੂਬਿਆਂ ਦੀ ਕੇਂਦਰ ਨਾਲ ਦਾਲ ਨਹੀਂ ਗਲੀ ਹੈ। ਭਾਜਪਾ ਲਈ ਦਿਹਾਤੀ ਪੰਜਾਬ ਦੇ ਕਿਸਾਨ ਮਨਾਂ 'ਚ ਆਪਣੀ ਥਾਂ ਬਣਾਉਣੀ ਵੱਡੀ ਚੁਣੌਤੀ ਹੋਵੇਗੀ। ਕਿਸਾਨ ਭਾਈਚਾਰੇ ਦਾ ਰੋਹ ਮੱਠਾ ਪਾਉਣ ਲਈ ਕੇਂਦਰ ਸਰਕਾਰ ਨੂੰ ਕਿਸਾਨਾਂ ਦੇ ਜ਼ਖ਼ਮਾਂ 'ਤੇ ਮਲ੍ਹਮ ਲਾਉਣੀ ਹਦੇ ਹਨ।

# ਕੇਰਲ ਤੋਂ ਬਾਅਦ ਹੁਣ ਕਾਂਗਰਸ ਜਿੱਤੇਗੀ ਪੰਜਾਬ : ਰਾਜਾ ਵੜਿੰਗ



**ਚੰਡੀਗੜ੍ਹ : ਆਪਣਾ ਪੰਜਾਬ ਮੀਡੀਆ :** ਕੇਰਲ ਵਿੱਚ ਯੂ ਡੀ ਐੱਫ (UDF) ਦੀ ਸ਼ਾਨਦਾਰ ਜਿੱਤ ਤੋਂ ਬਾਅਦ, ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸੋਮਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਪਾਰਟੀ ਹੁਣ ਪੰਜਾਬ ਵਿੱਚ ਸਰਕਾਰ ਬਣਾਏਗੀ, ਜਿੱਥੇ ਅਗਲੇ ਸਾਲ ਦੇ ਸ਼ੁਰੂ ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਵੜਿੰਗ ਨੇ ਕਿਹਾ ਕਿ ਕਾਂਗਰਸ ਕੇਰਲ ਵਿੱਚ ਬਹੁਤ ਮਜ਼ਬੂਤ ਹੋ ਕੇ ਉੱਭਰੀ ਹੈ ਕਿਉਂਕਿ ਇਸ ਨੇ ਪਹਿਲਾਂ ਲੋਕ ਸਭਾ ਅਤੇ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਵੀ ਜਿੱਤੀਆਂ ਸਨ। ਪੱਛਮੀ ਬੰਗਾਲ ਦੇ ਚੋਣ ਨਤੀਜਿਆਂ 'ਤੇ ਪ੍ਰਤੀਕਿਰਿਆ ਦਿੰਦਿਆਂ ਰਾਜਾ ਵੜਿੰਗ ਨੇ ਕਿਹਾ ਕਿ ਟੀ ਐੱਮ ਸੀ ਦੀ ਹਾਰ ਦੇ ਕਈ ਕਾਰਨ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਚੋਣ ਕਮਿਸ਼ਨ ਦੇ "ਪੱਖਪਾਤ" ਦੇ ਨਾਲ-ਨਾਲ ਟੀ ਐੱਮ ਸੀ ਸਰਕਾਰ ਦੀਆਂ ਆਪਣੀਆਂ ਨਾਕਾਮੀਆਂ ਵੀ ਇਸ ਹਾਰ ਦਾ ਵੱਡਾ ਕਾਰਨ ਹਨ। ਉਨ੍ਹਾਂ ਕਿਹਾ ਕਿ ਭਾਜਪਾ ਨੇ ਆਪਣੀ ਤਾਕਤ ਅਤੇ ਏਜੰਸੀਆਂ ਦੀ ਦੁਰਵਰਤੋਂ ਕਰਨ ਦੇ ਨਾਲ-ਨਾਲ ਬੰਗਾਲ ਵਿੱਚ ਫੈਲੇ "ਭ੍ਰਿਸ਼ਟਾਚਾਰ ਅਤੇ ਕਾਨੂੰਨ ਦੀ ਮਾੜੀ ਹਾਲਤ" ਦਾ ਆਪਣੇ ਫਾਇਦੇ ਲਈ ਪੂਰਾ ਲਾਹਾ ਲਿਆ।

# ਸਰਕਾਰ ਨੇ ਜਾਣ-ਬੁੱਝ ਕੇ ਮੇਰੀ ਸੁਰੱਖਿਆ ਘਟਾਈ: ਮਜੀਠੀਆ



**ਲੁਧਿਆਣਾ : ਆਪਣਾ ਪੰਜਾਬ ਮੀਡੀਆ :** ਸਾਬਕਾ ਕੈਬਨਿਟ ਮੰਤਰੀ ਅਤੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਸਰਕਾਰ ਉਨ੍ਹਾਂ ਨੂੰ ਸਿੱਧੂ ਮੂਸੇਵਾਲ ਵਾਂਗ ਸੁਰੱਖਿਆ ਘਟਾ ਕੇ ਮਰਵਾਉਣਾ ਚਾਹੁੰਦੀ ਹੈ। ਉਨ੍ਹਾਂ ਨੂੰ 7 ਦਿਨਾਂ ਵਿੱਚ ਤਿੰਨ ਵਾਰ ਧਮਕੀ ਭਰੇ ਫੋਨ ਆ ਚੁੱਕੇ ਹਨ ਪਰ ਸਰਕਾਰ ਜਾਣ-ਬੁੱਝ ਕੇ ਉਨ੍ਹਾਂ ਦੀ ਸੁਰੱਖਿਆ ਘਟਾ ਰਹੀ ਹੈ। ਸ੍ਰੀ ਮਜੀਠੀਆ ਅੱਜ 'ਆਪ' ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਖ਼ਿਲਾਫ਼ ਦਾਇਰ ਕੀਤੇ ਮਾਣਹਾਨੀ ਕੇਸ ਵਿੱਚ ਵਕੀਲਾਂ ਸਣੇ ਅਦਾਲਤ ਵਿੱਚ ਪੇਸ਼ ਹੋਏ, ਪਰ ਸੰਜੇ ਸਿੰਘ ਪੇਸ਼ ਨਹੀਂ ਹੋ ਸਕੇ। ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ ਲਈ 19 ਮਈ ਦੀ ਤਰੀਕ ਤੈਅ ਕੀਤੀ ਹੈ। ਅਦਾਲਤੀ ਕਾਰਵਾਈ ਤੋਂ ਬਾਅਦ ਗੱਲਬਾਤ ਕਰਦਿਆਂ ਮਜੀਠੀਆ ਨੇ ਕਿਹਾ ਕਿ 7 ਦਿਨਾਂ ਵਿੱਚ ਉਨ੍ਹਾਂ ਨੂੰ ਤਿੰਨ ਵਾਰ ਲਾਰੈਂਸ ਗੈਂਗ ਵੱਲੋਂ ਧਮਕੀਆਂ ਦਿੱਤੀਆਂ ਗਈਆਂ ਹਨ।

# ਪੰਜਾਬ ਵਿੱਚ ਵੀ ਸੱਤਾ ਪਰਿਵਰਤਨ ਹੋਵੇਗਾ: ਰਵਨੀਤ ਬਿੱਟੂ



**ਚੰਡੀਗੜ੍ਹ : ਆਪਣਾ ਪੰਜਾਬ ਮੀਡੀਆ :** ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਦਾਅਵਾ ਕੀਤਾ ਹੈ ਕਿ ਪੱਛਮੀ ਬੰਗਾਲ ਦੀ ਜਿੱਤ ਤੋਂ ਬਾਅਦ ਹੁਣ ਪੰਜਾਬ ਵਿੱਚ ਵੀ ਸੱਤਾ ਪਰਿਵਰਤਨ ਹੋਵੇਗਾ। ਜਿਸ ਤਰ੍ਹਾਂ ਬੰਗਾਲ ਦੇ ਲੋਕਾਂ ਨੇ ਮਮਤਾ ਬੈਨਰਜੀ ਦਾ ਗੜ੍ਹ ਤੋੜਿਆ ਹੈ, ਉਸੇ ਤਰ੍ਹਾਂ ਪੰਜਾਬੀ ਵੀ 'ਆਪ' ਨੂੰ ਚਲਦਾ ਕਰਨਗੇ। ਬਿੱਟੂ ਨੇ ਕਿਹਾ ਕਿ ਪੱਛਮੀ ਬੰਗਾਲ 'ਚ ਜਿਸ ਸੀਟ ਤੋਂ ਮਮਤਾ ਚੋਣ ਲੜ ਰਹੀ ਸੀ, ਉੱਥੋਂ ਦੇ ਸਿੱਖਾਂ ਨੇ ਇਸ ਵਾਰ ਭਾਜਪਾ ਦਾ ਸਾਥ ਦਿੱਤਾ ਹੈ।

SINGH 21 CORP. NEW YORK | CHANDIGARH
For business & real estate consulting in USA & INDIA
Contact: 516-989-8004 | 516-989-8001 | 631-835-8000
www.apnapunjabmedia.com
GURMIT SINGH
GOLD MEDALIST
CEO & PRESIDENT,
SINGH 21 CORP. USA &
APNA PUNJAB MEDIA GROUP USA
GURSEWAK SINGH
IT HEAD
MANAGING DIRECTOR,
APNA PUNJAB MEDIA (P) LTD INDIA


Copyright: Apna Punjab Media 2025-26



Founder & Chief Editor: Gurmit Singh
1 516 989 8001 | 1 631 835 8000

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!

Google apna punjab media

COVERING DIASPORA INTERNATIONALLY
APNA PUNJAB media.tv HD
CORPORATE OFFICE:
NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com




Indian PASSPORT & VISA SERVICE



# PASSPORT VISA & IMMIGRATION ASSISTANCE

OUR BEST SERVICE

## Immigration Form Fill Out

- Citizenship Application
- Relative Petition
- Re-Entry Permit
- Affidavit of Support
- Adjustment of Status
- Visa Extension
- Advance Parole
- Condition Removal
- Work Authorization
- Travel document, etc

## Travel/ Flight Tickets

- All Domestic & International Ticketing

## Passport- Visa

- Passport Renewal
- OCI
- Sponsership
- UK Visa
- China Visa
- Visa
- Renunciation
- USA Passport
- Scahenegen Visa
- Pakistan Visa
- Guyana Passport
- Renewal
- Renunciation
- USA Passport
- Scahenegen Visa
- Pakistan Visa
- Guyana Passport
- Renewal

## Miscellaneous Service

- Translation Services: Punjabi to English, Hindi & Hindi , English to Punjabi
- Power of Attorney
- Pan Card



## Tax & Accounting, E Filing, Corporate Taxes

- E-Filing
- Individual Income Tax of all U.S States
- Current Year & All prior Years Tax Returns
- Self Employed Taxes
- Business Tax, Corporate Tax, Sales Tax
- Employee payroll & Book Keeping Services

More info : 347 956 0721 917 396 8699

info@indianpassportcenter.com www.indianpassportcenter.com

**97-28 Lefferts Blvd South Richmond Hill NY 11419**



Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
Founder & Chief Editor : Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com



# ਭਗਵੰਤ ਮਾਨ ਤੋਂ ਪਹਿਲਾਂ ਰਾਘਵ ਚੱਢਾ ਨੂੰ ਮਿਲੀਆਂ ਰਾਸ਼ਟਰਪਤੀ ਨੂੰ ਮਿਲਣ ਦਾ ਸਮਾਂ

## ਰਾਘਵ ਚੱਢਾ 5 ਮਈ ਨੂੰ ਸਵੇਰੇ 10.40 ਵਜੇ ਮਿਲਣਗੇ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਮੁਲਾਕਾਤ ਲਈ ਉਸੇ ਦਿਨੇ ਦੁਪਹਿਰ 12 ਵਜੇ ਦਾ ਸਮਾਂ ਮੁਕੱਰਰ





**ਚੰਡੀਗੜ੍ਹ : ਆਪਣਾ ਪੰਜਾਬ ਮੀਡੀਆ :** ਆਮ ਆਦਮੀ ਪਾਰਟੀ ਨੂੰ ਛੱਡ ਕੇ ਭਾਜਪਾ 'ਚ ਸ਼ਾਮਲ ਹੋਏ ਸੰਸਦ ਮੈਂਬਰਾਂ ਦਾ ਸਮੂਹ ਰਾਜ ਸਭਾ ਮੈਂਬਰ ਰਾਘਵ ਚੱਢਾ ਦੀ ਅਗਵਾਈ 'ਚ 5 ਮਈ ਨੂੰ ਰਾਸ਼ਟਰਪਤੀ ਦਰਪਦੀ ਮੁਰਮੂ ਨੂੰ ਮਿਲੇਗਾ।

ਰਾਸ਼ਟਰਪਤੀ ਭਵਨ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪਹਿਲਾਂ ਹੀ ਤੈਅ ਮੁਲਾਕਾਤ ਤੋਂ ਪਹਿਲਾਂ ਰਾਘਵ ਚੱਢਾ ਸਮੇਤ ਚਾਰ ਸੰਸਦ ਮੈਂਬਰਾਂ ਨੂੰ ਮਿਲਣ ਦਾ ਸਮਾਂ ਦਿੱਤਾ ਹੈ। ਇਹ ਸੰਸਦ ਮੈਂਬਰ 5 ਮਈ ਨੂੰ ਸਵੇਰੇ 10.40 ਵਜੇ ਮਿਲਣਗੇ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਮੁਲਾਕਾਤ ਲਈ ਉਸੇ ਦਿਨੇ ਦੁਪਹਿਰ 12 ਵਜੇ ਦਾ ਸਮਾਂ ਮੁਕੱਰਰ ਹੈ।

ਰਾਘਵ ਚੱਢਾ ਨਾਲ ਮੁਲਾਕਾਤ ਲਈ ਸੰਦੀਪ ਪਾਠਕ, ਅਸ਼ੋਕ ਮਿੱਤਲ ਅਤੇ ਰਾਜਿੰਦਰ ਗੁਪਤਾ ਦੇ ਜਾਣ ਦਾ ਪਤਾ ਲੱਗਾ ਹੈ। ਜਾਣਕਾਰੀ ਅਨੁਸਾਰ ਰਾਘਵ ਚੱਢਾ ਰਾਸ਼ਟਰਪਤੀ ਨੂੰ ਪੰਜਾਬ ਸਰਕਾਰ ਵੱਲੋਂ ਸਰਕਾਰੀ ਮਸ਼ੀਨਰੀ ਦੀ ਕਥਿਤ ਵਰਤੋਂ ਸਿਆਸੀ ਬਦਲਾਖ਼ੋਰੀ ਲਈ ਕਰਨ ਅਤੇ 'ਆਪ' ਛੱਡਣ ਵਾਲੇ ਸੰਸਦ ਮੈਂਬਰਾਂ ਨੂੰ ਨਿਸ਼ਾਨਾ ਬਣਾ ਕੇ ਕਾਰਵਾਈ ਕੀਤੇ ਜਾਣ ਬਾਰੇ ਜਾਣੂ ਕਰਵਾਉਣਗੇ। ਸੰਸਦ ਮੈਂਬਰ ਰਾਸ਼ਟਰਪਤੀ ਦੇ ਦਖ਼ਲ ਦੀ ਮੰਗ ਕਰਨਗੇ।

# ਪੰਜਾਬ ਵਿੱਚ ਮੀਂਹ ਤੇ ਹਨੇਰੀ ਨੇ ਮਚਾਈ ਤਬਾਹੀ, ਦਿਨ ਦਿਹਾੜੇ ਹੋਇਆ ਹਨੇਰਾ

- **ਮੰਡੀਆਂ 'ਚ ਪਈ ਕਣਕ ਭਿੱਜੀ**
- **ਤੇਜ਼ ਰਫ਼ਤਾਰ ਹਵਾ ਕਾਰਨ ਦਰੱਖ਼ਤ ਤੇ ਬਿਜਲੀ ਦੇ ਖੰਭੇ ਡਿੱਗੇ**
- **ਅੱਜ ਤੇ ਭਲਕ ਲਈ ਅਲਰਟ**



**ਚੰਡੀਗੜ੍ਹ : ਆਪਣਾ ਪੰਜਾਬ ਮੀਡੀਆ :** ਪੰਜਾਬ ਵਿੱਚ ਅੱਜ ਸਵੇਰੇ ਚੱਲੀ ਹਨੇਰੀ ਤੇ ਪਏ ਮੀਂਹ ਨੇ ਸੂਬੇ 'ਚ ਭਾਰੀ ਤਬਾਹੀ ਮਚਾਈ ਹੈ। 80 ਤੋਂ 90 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਚੱਲੀਆਂ ਹਵਾਵਾਂ ਕਾਰਨ ਸੂਬੇ ਭਰ ਵਿੱਚ ਸੜਕਾਂ ਕੰਢੇ ਦਰੱਖ਼ਤ ਡਿੱਗ ਗਏ ਅਤੇ ਬਿਜਲੀ ਦੇ ਖੰਭੇ ਵੀ ਉੱਖੜ ਗਏ। ਬਿਜਲੀ ਦੇ ਖੰਭਿਆਂ ਦੇ ਉੱਖੜਨ ਕਰ ਕੇ ਕਈ ਇਲਾਕਿਆਂ ਵਿੱਚ ਬਿਜਲੀ ਗੁੱਲ ਹੋ ਗਈ। ਬਿਜਲੀ ਵਿਭਾਗ ਨੂੰ ਵੀ ਭਾਰੀ ਨੁਕਸਾਨ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਹੈ। ਇਸ ਦੇ ਨਾਲ ਹੀ ਪੰਜਾਬ ਦੀਆਂ ਮੰਡੀਆਂ ਵਿੱਚ ਪਈ ਕਣਕ ਦੀ ਫ਼ਸਲ ਭਿੱਜਣ ਦੀਆਂ ਖ਼ਬਰਾਂ ਵੀ ਮਿਲੀਆਂ ਹਨ। ਮੌਸਮ ਵਿਗਿਆਨੀਆਂ ਨੇ ਪੰਜਾਬ ਵਿੱਚ 4 ਤੇ 5 ਮਈ ਲਈ ਔਰੇਂਜ ਅਲਰਟ ਜਾਰੀ ਕੀਤਾ ਹੈ। ਇਸ ਦੌਰਾਨ ਭਾਰੀ ਮੀਂਹ ਦੇ ਨਾਲ-ਨਾਲ ਹਨੇਰੀ ਚੱਲਣ ਦੀ ਵੀ ਸੰਭਾਵਨਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਸਵੇਰੇ ਅਚਾਨਕ ਮੌਸਮ ਬਦਲ ਗਿਆ ਅਤੇ ਸਵੇਰੇ 7 ਵਜੇ ਦੇ ਕਰੀਬ ਮੁੜ ਹਨੇਰਾ ਛਾ ਗਿਆ। ਚੰਡੀਗੜ੍ਹ, ਮੁਹਾਲੀ, ਜਲੰਧਰ, ਲੁਧਿਆਣਾ, ਰੂਪਨਗਰ, ਪਟਿਆਲਾ, ਸੰਗਰੂਰ ਸਣੇ ਕਈ ਹੋਰ ਇਲਾਕਿਆਂ ਵਿੱਚ ਤਕਰੀਬਨ ਦੋ ਘੰਟੇ ਝੱਖੜ ਝੁਲਦਾ ਰਿਹਾ। ਕਈ ਥਾਵਾਂ 'ਤੇ ਦਰੱਖ਼ਤ ਤੇ ਬਿਜਲੀ ਦੇ ਖੰਭੇ ਡਿੱਗਣ ਦੀਆਂ ਘਟਨਾਵਾਂ ਵੀ ਵਾਪਰੀਆਂ ਹਨ। ਕਈ ਲੋਕਾਂ ਦੇ ਸੱਟਾਂ ਲੱਗਣ ਦੀਆਂ ਖ਼ਬਰਾਂ ਵੀ ਮਿਲੀਆਂ ਹਨ।

ਹਨੇਰੀ ਕਾਰਨ ਚੰਡੀਗੜ੍ਹ ਤੇ ਮੁਹਾਲੀ ਵਿੱਚ ਵਧੇਰੇ ਨੁਕਸਾਨ ਹੋਇਆ। ਹੁਸ਼ਿਆਰਪੁਰ ਸਣੇ ਕਈ ਥਾਵਾਂ 'ਤੇ ਬਿਜਲੀ ਦੇ ਖੰਭੇ ਅਤੇ ਦਰੱਖ਼ਤ ਉੱਖੜ ਕੇ ਵਾਹਨਾਂ 'ਤੇ ਡਿੱਗ ਗਏ। ਮੀਂਹ ਤੇ ਹਨੇਰੀ ਕਾਰਨ ਨਰਮੇ ਦੀ ਫ਼ਸਲ ਵੀ ਖਰਾਬ ਹੋਣ ਦਾ ਖਦਸ਼ਾ ਵੀ ਜਤਾਇਆ ਜਾ ਰਿਹਾ ਹੈ।


# MATRIMONIAL



Sikh, Male, 52 (07 Oct 1972), 5'8" (approx), well-settled, based in USA (Virginia), seeking a suitable match. Educated (Master's Degree), working professional with an annual income of $130,000. Belongs to a respectable Sikh family from Amritsar. Non-Manglik, divorced. Looking for a well-educated, cultured Sikh girl with family values. Preference for someone willing to settle abroad.

**Currently residing at:** Woodbridge, Virginia, USA

**Contact: +1 202-390-5036**


# Brij Bhushan Singh ਖਿਲਾਫ ਸ਼ਿਕਾਇਤ ਕਰਨ ਵਾਲੀ ਪੀੜਤਾ ਮੈਂ ਵੀ ਹਾਂ: Vinesh Phogat

- **ਓਲੰਪੀਅਨ ਪਹਿਲਵਾਨ ਨੇ ਜਿਨਸੀ ਸ਼ੋਸ਼ਣ ਦੇ ਦੋਸ਼ ਲਾਏ**
- **ਪੱਖਪਾਤ ਦਾ ਖਦਸ਼ਾ ਪ੍ਰਗਟਾਇਆ**
- **ਰੈਫਰੀਆਂ ਦੀ ਨਿਰਪੱਖਤਾ 'ਤੇ ਸਵਾਲ ਚੁੱਕਦਿਆਂ ਖੇਡ ਮੰਤਰਾਲੇ ਦੀ ਚੁੱਪੀ 'ਤੇ ਨਿਸ਼ਾਨਾ ਸੇਧਿਆ**



**ਨਵੀਂ ਦਿੱਲੀ : ਆਪਣਾ ਪੰਜਾਬ ਮੀਡੀਆ :** ਓਲੰਪੀਅਨ ਪਹਿਲਵਾਨ ਅਤੇ ਜੁਲਾਨਾ ਤੋਂ ਕਾਂਗਰਸੀ ਵਿਧਾਇਕ ਵਿਨੇਸ਼ ਫੋਗਾਟ ਨੇ ਖੁੱਲ੍ਹ ਕੇ ਸਾਹਮਣੇ ਆਉਂਦਿਆਂ ਕਿਹਾ ਹੈ ਕਿ ਉਹ ਉਨ੍ਹਾਂ ਛੇ ਪੀੜਤਾਂ ਵਿੱਚੋਂ ਇੱਕ ਸੀ ਜਿਨ੍ਹਾਂ ਨੇ ਭਾਜਪਾ ਦੇ ਸਾਬਕਾ ਸੰਸਦ ਮੈਂਬਰ ਅਤੇ ਭਾਰਤੀ ਕੁਸ਼ਤੀ ਫੈਡਰੇਸ਼ਨ (WFI) ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਵਿਰੁੱਧ ਜਿਨਸੀ ਸ਼ੋਸ਼ਣ ਦੀ ਸ਼ਿਕਾਇਤ ਦਰਜ ਕਰਵਾਈ ਸੀ।

ਐਤਵਾਰ ਨੂੰ ਸੋਸ਼ਲ ਮੀਡੀਆ 'ਤੇ ਪਾਈ ਇੱਕ ਪੋਸਟ ਵਿੱਚ ਵਿਨੇਸ਼ ਨੇ ਦੱਸਿਆ ਕਿ ਉਹ ਉੱਤਰ ਪ੍ਰਦੇਸ਼ ਦੇ ਗੋਂਡਾ ਵਿੱਚ ਨੰਦਿਨੀ ਨਗਰ ਵਿਖੇ ਹੋਣ ਵਾਲੇ '2026 ਸੀਨੀਅਰ ਓਪਨ ਰੈਂਕਿੰਗ ਟੂਰਨਾਮੈਂਟ' ਵਿੱਚ ਹਿੱਸਾ ਲੈਣ ਜਾ ਰਹੀ ਹੈ। ਗੋਂਡਾ ਬ੍ਰਿਜ ਭੂਸ਼ਣ ਸਿੰਘ ਦਾ ਮਜ਼ਬੂਤ ਗੜ੍ਹ ਮੰਨਿਆ ਜਾਂਦਾ ਹੈ। ਵਿਨੇਸ਼ ਨੇ 10 ਤੋਂ 12 ਮਈ ਤੱਕ ਹੋਣ ਵਾਲੇ ਇਸ ਮੁਕਾਬਲੇ ਦੌਰਾਨ ਰੈਫਰੀਆਂ ਦੀ ਨਿਰਪੱਖਤਾ ਨੂੰ ਲੈ ਕੇ ਗੰਭੀਰ ਚਿੰਤਾਵਾਂ ਜਤਾਈਆਂ ਹਨ।


Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE : NEWYORK - CHANDIGARH
Founder & Chief Editor : Gurmit Singh
1 516 989 8001 | 1 631 835 8000
Follow Us On /apnapunjabmedia
www.apnapunjabmedia.com newsroom@apnapunjabmedia.com









Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
Founder & Chief Editor : Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE : NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com


BREAKING NEWS
ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖ਼ਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।
Visit our dedicated pages for the latest national and international news.
ਹੁਣੇ ਹੁਣੇ


# ਚੋਣ ਨਤੀਜਿਆਂ ਦਾ ਪੰਜਾਬ 'ਤੇ ਅਸਰ ਨਹੀਂ ਪਵੇਗਾ: ਭਗਵੰਤ ਮਾਨ



**ਕੁਰਾਲੀ ; ਆਪਣਾ ਪੰਜਾਬ ਮੀਡੀਆ :** ਪੱਛਮੀ ਬੰਗਾਲ ਸਮੇਤ ਹੋਰ ਕਈ ਰਾਜਾਂ ਦੇ ਚੋਣ ਨਤੀਜੇ ਭਾਰਤੀ ਜਨਤਾ ਪਾਰਟੀ ਦੇ ਹੱਕ ਵਿੱਚ ਆਉਣ 'ਤੇ ਪ੍ਰਤੀਕਿਰਿਆ ਦਿੰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਪੰਜਾਬ ਵਿੱਚ ਸਰਕਾਰ ਬਣਾਉਣ ਦੇ ਦਾਅਵੇ ਭਾਜਪਾ ਦੇ ਸ਼ੇਖਚਿਲੀ ਦੇ ਸੁਪਨਿਆਂ ਵਾਂਗ ਹਨ। ਅੱਜ ਇੱਥੇ ਕਾਲੇਵਾਲ ਵਿੱਚ ਸਮਾਗਮ ਤੋਂ ਬਾਅਦ ਮੀਡੀਆ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਸ੍ਰੀ ਮਾਨ ਨੇ ਕਿਹਾ ਕਿ ਪੰਜਾਬ ਦੇ ਗ਼ੈਰਤਮੰਦ ਲੋਕ ਭਾਜਪਾ ਨੂੰ ਮੂੰਹ ਨਹੀਂ ਲਾਉਣਗੇ। ਪੱਛਮੀ ਬੰਗਾਲ ਸਮੇਤ ਹੋਰਨਾਂ ਰਾਜਾਂ ਦੇ ਅੱਜ ਆਏ ਨਤੀਜਿਆਂ ਦਾ ਅਸਰ ਪੰਜਾਬ 'ਤੇ ਨਹੀਂ ਪਵੇਗਾ ਕਿਉਂਕਿ ਪੰਜਾਬ ਦੇ ਲੋਕ ਸਿਆਸੀ ਤੌਰ 'ਤੇ ਜਾਗਰੂਕ, ਸਿਆਣੇ ਤੇ ਝਾਂਸਿਆਂ ਵਿੱਚ ਨਾ ਆਉਣ ਵਾਲੇ ਹਨ। ਜਿਹੜੇ ਹੱਥਕੰਡੇ ਅਪਣਾ ਕੇ ਭਾਜਪਾ ਨੇ ਪੱਛਮੀ ਬੰਗਾਲ ਤੇ ਹੋਰਨਾਂ ਰਾਜਾਂ ਦੀ ਸੱਤਾ ਹਥਿਆਈ ਹੈ, ਉਹ ਹੱਥਕੰਡੇ ਪੰਜਾਬ ਵਿੱਚ ਨਹੀਂ ਚੱਲਣਗੇ। ਪੰਜਾਬੀ ਜਿੱਥੇ ਖੜ੍ਹਦੇ ਹਨ, ਅੜ ਕੇ ਖੜ੍ਹਦੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਵਿੱਚ ਅਗਲੀ ਸਰਕਾਰ ਵੀ ਆਮ ਆਦਮੀ ਪਾਰਟੀ ਦੀ ਹੀ ਬਣੇਗੀ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ ਹੋਈ ਪੰਜਾਬ ਦੇ ਸੱਤ ਸੌ ਕਿਸਾਨ ਦੀ ਸ਼ਹੀਦੀ ਨੂੰ ਪੰਜਾਬ ਦੇ ਲੋਕ ਕਦੇ ਵੀ ਭੁਲਾ ਨਹੀਂ ਸਕਣਗੇ। ਇਸ ਤੋਂ ਇਲਾਵਾ ਆਰਡੀਐੱਫ ਦਾ ਪੈਸਾ ਰੋਕਣ, ਚੰਡੀਗੜ੍ਹ ਯੂਨੀਵਰਸਿਟੀ ਅਤੇ ਭਾਖੜਾ ਡੈਮ ਦੀ ਮਾਲਕੀ ਦੇ ਮਾਮਲੇ ਵਿੱਚ ਵੀ ਕੇਂਦਰ ਦੀ ਭਾਜਪਾ ਨੇ ਪੰਜਾਬ ਵਿਰੋਧੀ ਰੋਲ ਅਦਾ ਕੀਤਾ ਹੈ ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਵਿਧਾਨ ਸਭਾ ਦੇ ਸਪੀਕਰ ਨੂੰ ਬੇਅਦਬੀ ਕਾਨੂੰਨ ਦੇ ਮਾਮਲੇ ਵਿੱਚ ਅਕਾਲ ਤਖ਼ਤ 'ਤੇ ਸੱਦੇ ਜਾਣ ਸਬੰਧੀ ਪੁੱਛੇ ਜਾਣ 'ਤੇ ਸ੍ਰੀ ਮਾਨ ਨੇ ਕਿਹਾ ਕਿ ਕੁਲਤਾਰ ਸਿੰਘ ਸੰਧਵਾਂ ਨੂੰ ਤਲਬ ਨਹੀਂ ਕੀਤਾ ਗਿਆ ਸਗੋਂ ਜਾਰੀ ਪੱਤਰ ਅਨੁਸਾਰ ਵਿਚਾਰ ਵਟਾਂਦਰੇ ਲਈ ਸੱਦਿਆ ਗਿਆ ਹੈ। ਇਸ ਮੌਕੇ ਵਿਧਾਇਕਾ ਅਨਮੋਲ ਗਗਨ ਮਾਨ, ਬਹਾਦਰ ਸਿੰਘ ਓਕੇ, ਨੋਨੀ ਕਾਲੇਵਾਲ ਤੇ ਹੋਰ ਪਤਵੰਤੇ ਹਾਜ਼ਰ ਸਨ।

# ਪੰਜਾਬ ਵਿੱਚ ਭਾਜਪਾ ਸਰਕਾਰ ਬਣਾਵੇਗੀ: ਸੁਨੀਲ ਜਾਖੜ

**ਚੰਡੀਗੜ੍ਹ : ਆਪਣਾ ਪੰਜਾਬ ਮੀਡੀਆ :** ਪੱਛਮੀ ਬੰਗਾਲ, ਅਸਾਮ ਤੇ ਪੁੱਡੂਚੇਰੀ ਵਿੱਚ ਭਾਜਪਾ ਦੇ ਜਿੱਤ ਮਗਰੋਂ ਅੱਜ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਚੰਡੀਗੜ੍ਹ ਸਥਿਤ ਪਾਰਟੀ ਦਫ਼ਤਰ ਵਿੱਚ ਭਾਜਪਾ ਵਰਕਰਾਂ ਨਾਲ ਖੁਸ਼ੀ ਮਨਾਉਂਦਿਆਂ ਕਿਹਾ ਕਿ ਪੱਛਮੀ ਬੰਗਾਲ ਤੋਂ ਬਾਅਦ ਹੁਣ ਭਾਜਪਾ ਪੰਜਾਬ ਵਿੱਚ ਸਰਕਾਰ ਬਣਾਏਗੀ। ਸ੍ਰੀ ਜਾਖੜ ਨੇ ਕਿਹਾ ਕਿ ਜੇ ਪੱਛਮੀ ਬੰਗਾਲ ਵਿਚ ਭਾਜਪਾ ਆ ਸਕਦੀ ਹੈ ਤਾਂ ਪੰਜਾਬ ਵਿਚ ਵੀ ਆ ਸਕਦੀ ਹੈ। ਬੰਗਾਲ ਵਿਚ ਅਮਨ ਕਾਨੂੰਨ ਦੀ ਮਾੜੀ ਹਾਲਤ ਸੀ, ਬੇਰੁਜ਼ਗਾਰੀ, ਨਸ਼ੇ ਤੇ ਗੈਂਗਸਟਰਵਾਦ ਸਿਖਰ 'ਤੇ



ਸੀ। ਪੰਜਾਬ ਵਿਚ ਵੀ ਹਾਲਾਤ ਸੁਖਾਵੇਂ ਨਹੀਂ ਹਨ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਹਰ ਪੱਧਰ 'ਤੇ ਫੇਲ੍ਹ ਸਾਬਤ ਹੋਈ ਹੈ ਅਤੇ ਕਾਂਗਰਸ ਦਾ ਨਾ ਸਿਰਫ਼ ਪੰਜਾਬ ਵਿਚ ਸਗੋਂ ਦੇਸ਼ ਭਰ ਵਿਚ ਸਫਾਇਆ ਹੋ ਗਿਆ ਹੈ। ਪੰਜਾਬ ਵਿਚ ਕਾਂਗਰਸ ਨੇ ਸੱਤਾਧਾਰੀ ਧਿਰ ਅੱਗੇ ਸਰੰਡਰ ਕਰ ਦਿੱਤਾ ਹੈ ਅਤੇ ਸੱਤਾਧਾਰੀ ਧਿਰ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੀ ਕੁਰਸੀ ਬਚਾਉਣ ਲਈ ਆਪਣੇ ਵਿਧਾਇਕਾਂ ਨੂੰ ਭ੍ਰਿਸ਼ਟ ਗਤੀਵਿਧੀਆਂ ਦੀ ਖੁੱਲ੍ਹ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਅਮਨ ਤੇ ਕਾਨੂੰਨ ਦੀ ਸਥਿਤੀ ਲਗਾਤਾਰ ਵਿਗੜ ਰਹੀ ਹੈ ਅਤੇ ਨਸ਼ੇ ਵੀ ਵਧਦੇ ਜਾ ਰਹੇ ਹਨ। ਅਜਿਹੇ ਹਾਲਾਤ ਵਿੱਚ ਭਾਜਪਾ ਹੀ ਪੰਜਾਬ ਵਿੱਚੋਂ ਭ੍ਰਿਸ਼ਟਾਚਾਰ, ਗੈਂਗਸਟਰਵਾਦ ਅਤੇ ਨਸ਼ਿਆਂ ਦਾ ਖਾਤਮਾ ਕਰ ਸਕਦੀ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਨੇ ਪਾਰਟੀ ਵਰਕਰਾਂ ਨੂੰ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਵਿੱਚ ਜੁੱਟ ਜਾਣ ਦੀ ਅਪੀਲ ਕੀਤੀ।

# ਨਸ਼ਿਆਂ ਤੋਂ ਬਚਾਉਣ ਲਈ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਾਂਗੇ: ਸੀ ਐਮ ਮਾਨ



**ਚੰਡੀਗੜ੍ਹ : ਆਪਣਾ ਪੰਜਾਬ ਮੀਡੀਆ:** ਮੁੱਖ ਮੰਤਰੀ ਭਗਵੰਤ ਮਾਨ ਨੇ ਪਿੰਡ ਕਾਲੇਵਾਲ ਵਿੱਚ ਇੱਕ ਸਮਾਗਮ ਦੌਰਾਨ ਪੰਜਾਬ ਦੇ ਵੱਖ-ਵੱਖ ਪਿੰਡਾਂ ਵਿੱਚ ਬਣੇ 250 ਮਾਡਲ ਪੇਂਡੂ ਖੇਡ ਮੈਦਾਨਾਂ ਦਾ ਇੱਕੋ ਸਮੇਂ ਉਦਘਾਟਨ ਕੀਤਾ।

ਉਨ੍ਹਾਂ ਕਿਹਾ ਕਿ 15 ਜੁਲਾਈ ਤੱਕ ਪੰਜਾਬ ਵਿੱਚ ਅਜਿਹੇ ਹੀ ਇਕੱਤੀ ਸੌ ਹੋਰ ਖੇਡ ਮੈਦਾਨ ਬਣ ਕੇ ਤਿਆਰ ਹੋ ਜਾਣਗੇ। ਇਸ ਨਾਲ ਪਿੰਡ ਪੱਧਰ 'ਤੇ ਖੇਡਾਂ ਦੀ ਸਹੂਲਤ ਮਿਲ ਸਕੇਗੀ। ਖੇਡਾਂ ਹੀ ਨਸ਼ਿਆਂ ਦੀ ਸਭ ਤੋਂ ਵੱਡੀ ਕਾਟ ਹਨ।

ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਖੇਡਾਂ ਨਾਲ ਜੋੜਨਾ ਸਮੇਂ ਦੀ ਲੋੜ ਹੈ। 'ਆਪ' ਸਰਕਾਰ ਨੇ ਖੇਡਾਂ ਦੇ ਬਜਟ ਵਿੱਚ ਵੱਡਾ ਵਾਧਾ ਕਰਦਿਆਂ ਇਸ ਨੂੰ 1790 ਕਰੋੜ ਰੁਪਏ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਮਿਆਰੀ ਸਿਹਤ ਸਹੂਲਤਾਂ ਦਾ ਵਾਅਦਾ ਪੂਰਾ ਕਰਨ ਲਈ 1400 ਹੋਰ ਆਮ ਆਦਮੀ ਕਲੀਨਿਕ ਜਲਦੀ ਖੋਲ੍ਹੇ ਜਾ ਰਹੇ ਹਨ। ਇਸ ਤੋਂ ਇਲਾਵਾ ਸਿਹਤ ਕਾਰਡ ਨਾਲ ਹਰ ਪੰਜਾਬੀ ਨੂੰ ਦਸ ਲੱਖ ਤੱਕ ਦੀ ਮੁਫ਼ਤ ਸਿਹਤ ਸਹੂਲਤ ਮੁਹੱਈਆ ਕਰਵਾਈ ਜਾ ਰਹੀ ਹੈ।


ਸਿੰਜਾਈ ਸਹੂਲਤਾਂ ਦਾ ਜ਼ਿਕਰ ਕਰਦਿਆਂ ਸ੍ਰੀ ਮਾਨ ਨੇ ਕਿਹਾ ਕਿ 'ਆਪ' ਵੱਲੋਂ 14 ਹਜ਼ਾਰ ਕਿਲੋਮੀਟਰ ਪਾਈਪਾਂ ਅਤੇ ਕੱਸੀਆਂ ਰਾਹੀਂ ਦੋ ਭਾਖੜਾ ਨਹਿਰਾਂ ਜਿੰਨਾ ਪਾਣੀ ਖੇਤਾਂ ਤੱਕ ਪਹੁੰਚਾਇਆ ਜਾ ਰਿਹਾ ਹੈ। ਆਉਂਦੇ ਦਿਨਾਂ ਵਿੱਚ ਪੰਜਾਬ ਵਿੱਚ 43 ਹਜ਼ਾਰ ਕਿਲੋਮੀਟਰ ਸੜਕਾਂ ਬਣਾਈਆਂ ਜਾਣਗੀਆਂ।

ਅਕਾਲੀ ਦਲ ਅਤੇ ਕਾਂਗਰਸੀਆਂ 'ਤੇ ਹਮਲੇ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਪਾਰਟੀਆਂ ਨੇ ਲੰਮਾ ਸਮਾਂ ਰਾਜ ਕੀਤਾ ਪਰ ਪੰਜਾਬ ਦੇ ਭਲੇ ਲਈ ਕੁਝ ਨਹੀਂ ਕੀਤਾ।

Kishneet VIDEOGRAPHY
DIGITAL PHOTO & VIDEO
778 885-5513
Premium Solution for 4K & Full HD Video and Photo Needs
OUR SERVICES
WEDDING
BIRTHDAY
SWEET SIXTEEN
RING CEREMONY
13228 62 A Ave Surrey, BC V3X 3S5, Canada


Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Founder & Chief Editor : Gurmit Singh
1 516 989 8001 | 1 631 835 8000
Follow Us On /apnapunjabmedia
www.apnapunjabmedia.com newsroom@apnapunjabmedia.com



Copyright: Apna Punjab Media 2025-26



ਸੱਚ ਦੀ ਆਵਾਜ਼ ਆਪਣਾ ਪੰਜਾਬ BILINGUAL ESTD. 2005

Journalism With Guts to Tell It Like It Is!

Google apna punjab media

COVERING DIASPORA INTERNATIONALLY

APNA PUNJAB media.tv HD

CORPORATE OFFICE : NEWYORK - CHANDIGARH

Founder & Chief Editor : Gurmit Singh

1 516 989 8001 | 1 631 835 8000

Follow Us On /apnapunjabmedia

www.apnapunjabmedia.com newsroom@apnapunjabmedia.com

11 VOL XVIII, ISSUE 1914 | TUESDAY MAY 05, 2026

NEW YORK





ਨਿਊਯਾਰਕ ਦੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਹਿੱਕਸਵਿਲ ਦੇ ਜਨਰਲ ਸਕੱਤਰ ਹਰਚਰਨ ਸਿੰਘ ਗੁਲਾਟੀ ਵੱਲੋਂ ਲਿਖੀ ਕਿਤਾਬ "ਅਫ਼ਗਾਨ ਸਿੱਖ ਅਤੇ ਅਫ਼ਗਾਨਿਸਤਾਨ" ਆਪਣਾ ਪੰਜਾਬ ਵਿੱਚ ਲੜੀਵਾਰ ਚੱਲ ਰਹੀ ਹੈ

ਵਲੋਂ

ਗੁਰਮੀਤ ਸਿੰਘ : ਚੀਫ਼ ਐਡੀਟਰ ਆਪਣਾ ਪੰਜਾਬ ਮੀਡੀਆ ਗਰੁੱਪ ਨਿਊਯਾਰਕ



# ਮੁਗਲਾਂ ਦਾ ਰਾਜ

ਬਾਬਰ ਨੂੰ ਕਾਬੁਲ ਅਤੇ ਉਥੋਂ ਦਾ ਮੌਸਮ ਬਹੁਤ ਪਸੰਦ ਸੀ।

ਉਸ ਨੇ ਕਾਬੁਲ ਨੂੰ 1526 ਤੀਕ ਰਾਜਧਾਨੀ ਬਣਾਇਆ। ਜਦੋਂ ਬਾਬਰ ਦਿੱਲੀ ਵੱਲ ਚਲਾ ਗਿਆ ਤਾਂ ਦਿਲੀ ਤੋਂ ਹੀ ਸਾਰਾ ਕੰਟਰੋਲ ਕਰਦਾ ਰਿਹਾ।



ਮੀਰਵੈਸ ਖਾਨ



ਅਹਿਮਦ ਖਾਨ ਸਦੋਜ਼ਈ (ਦੁਰਾਨੀ)



ਇਸ ਦੌਰਾਨ ਮੁਗਲਾਂ ਅਤੇ ਪਠਾਣਾਂ ਦੀ ਲੜਾਈ ਸਮੇਂ ਸਮੇਂ ਵਿਚ ਕਈ ਇਲਾਕਿਆਂ ਤੇ ਹੁੰਦੀ ਰਹੀ ਹੈ ਜਿਸਦਾ ਜ਼ਿਕਰ ਗੁਰੂ ਨਾਨਕ ਸਾਹਿਬ ਨੇ ਵੀ ਆਪਣੀ ਬਾਣੀ ਵਿਚ ਜ਼ਿਕਰ

ਕੀਤਾ ਹੈ ਜਿਸ ਤਰ੍ਹਾਂ

ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ॥
ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ॥

ਕੁਝ ਸਮੇਂ ਲਈ ਗਿਲਜ਼ਈ ਕੌਮ ਪਸ਼ਤੂਨਾਂ ਦਾ ਲੀਡਰ ਜਨਰਲ ਮੀਰਵੈਸ ਖਾਨ ਹੌਤਕ ਦੇ ਛਤਰ ਛਾਇਆ ਹੇਠ


ਸੱਚ ਦੀ ਆਵਾਜ਼ ਆਪਣਾ ਪੰਜਾਬ BILINGUAL ESTD. 2005
APNA PUNJAB MEDIA
Journalism With Guts to Tell It Like It Is!


ਸੰਨ 1709 ਵਿਚ ਪਾਰਸ ਤੇ ਹਮਲਾ ਕਰਕੇ ਬਹੁਤ ਸਾਰਾ ਪਰਸ਼ੀਅਨ ਦਾ ਹਿੱਸਾ ਆਪਣੇ ਕਬਜ਼ੇ ਵਿਚ ਕਰ ਲਿਆ ਪਰ ਆਪਣੇ ਅੰਦਰੁਨੀ ਝਗੜੇ ਅਤੇ ਲਗਾਵਟ ਕਾਰਨ ਸਿਰਫ਼ ਈਰਾਨ ਦਾ ਹਿੱਸਾ ਨਹੀਂ ਬਲਕਿ ਕੰਧਾਰ ਵੀ ਨਾਦਰ ਸ਼ਾਹ ਅਫ਼ਸ਼ਾਰ ਦੇ ਹੱਥੋਂ ਹਾਰ ਗਿਆ।

ਨਾਦਿਰ ਸ਼ਾਹ ਅਫ਼ਸ਼ਾਰ ਨੇ ਪਠਾਣਾਂ ਨੂੰ ਜਲਾਲਾਬਾਦ ਦੇ ਹਿਸੇ ਵਿਚ ਸ਼ਿਕਸਤ ਦੇਕੇ ਖੈਬਰਪਾਸ ਰਾਹੀਂ ਦਿੱਲੀ ਵੱਲ ਕੂਚ ਕੀਤਾ ਅਤੇ ਕੋਹਿਨੂਰ ਹੀਰਾ ਤੇ ਕਈ ਕੀਮਤੀ ਚੀਜ਼ਾਂ ਲੁੱਟ ਲਈਆਂ।

Cont...


Copyright: Apna Punjab Media 2025-26


Founder & Chief Editor: Gurmit Singh
1 516 989 8001 | 1 631 835 8000

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media

COVERING DIASPORA INTERNATIONALLY
APNA PUNJAB media.tv HD
CORPORATE OFFICE:
NEWYORK - CHANDIGARH

Follow Us On /apnapunjabmedia
www.apnapunjabmedia.com newsroom@apnapunjabmedia.com



# ਅਮਰੀਕਾ ਨੇ ਪਾਕਿ ਰਾਹੀਂ ਇਰਾਨ ਨੂੰ 14 ਨੁਕਾਤੀ ਪ੍ਰਸਤਾਵ ਦਾ ਜਵਾਬ ਭੇਜਿਆ; ਇਰਾਨ ਵੱਲੋਂ ਸਮੀਖਿਆ



ਤਹਿਰਾਨ : ਆਪਣਾ ਪੰਜਾਬ ਮੀਡੀਆ : ਇਰਾਨ ਨੇ ਐਤਵਾਰ ਨੂੰ ਦੱਸਿਆ ਕਿ ਸੰਯੁਕਤ ਰਾਜ ਅਮਰੀਕਾ ਨੇ ਪਾਕਿਸਤਾਨ ਰਾਹੀਂ ਉਸ ਦੇ 14-ਨੁਕਾਤੀ ਪ੍ਰਸਤਾਵ ਦਾ ਜਵਾਬ ਭੇਜਿਆ ਹੈ। ਤਹਿਰਾਨ ਦੇ ਸਰਕਾਰੀ ਮੀਡੀਆ ਅਨੁਸਾਰ ਇਰਾਨ ਇਸ ਵੇਲੇ ਅਮਰੀਕਾ ਵੱਲੋਂ ਮਿਲੇ ਇਸ ਜਵਾਬ ਦੀ ਸਮੀਖਿਆ ਕਰ ਰਿਹਾ ਹੈ।

ਇਰਾਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਸਰਕਾਰੀ ਮੀਡੀਆ ਨਾਲ ਗੱਲਬਾਤ ਕਰਦਿਆਂ ਸਪੱਸ਼ਟ ਕੀਤਾ ਕਿ ਇਸ ਪੜਾਅ 'ਤੇ ਸਾਡੀ ਕੋਈ ਪ੍ਰਮਾਣੂ ਗੱਲਬਾਤ (Nuclear Negotiations) ਨਹੀਂ ਚੱਲ ਰਹੀ। ਹਾਲਾਂਕਿ ਪ੍ਰਸਤਾਵਾਂ ਦਾ ਆਦਾਨ-ਪ੍ਰਦਾਨ ਹੋ ਰਿਹਾ ਹੈ ਪਰ ਅਧਿਕਾਰਤ ਤੌਰ 'ਤੇ ਕਿਸੇ ਸਿੱਧੀ ਵਾਰਤਾ ਦੀ ਪੁਸ਼ਟੀ ਨਹੀਂ ਕੀਤੀ ਗਈ ਹੈ। ਇਹ ਘਟਨਾਕ੍ਰਮ ਅਜਿਹੇ ਸਮੇਂ ਸਾਹਮਣੇ ਆਇਆ ਹੈ ਜਦੋਂ ਪੱਛਮੀ ਏਸ਼ੀਆ ਵਿੱਚ ਤਣਾਅ ਕਾਫੀ ਵਧਿਆ ਹੋਇਆ ਹੈ।

ਮਾਹਿਰਾਂ ਦਾ ਮੰਨਣਾ ਹੈ ਕਿ ਇਰਾਨ ਅਤੇ ਅਮਰੀਕਾ ਵਿਚਾਲੇ ਇਸ ਸੰਦੇਸ਼-ਵਿਹਾਰ ਦਾ ਅਸਰ ਸਿਰਫ਼ ਦੋਵਾਂ ਦੇਸ਼ਾਂ ਤੱਕ ਸੀਮਤ ਨਹੀਂ ਰਹੇਗਾ, ਸਗੋਂ ਲੈਬਨਾਨ ਅਤੇ ਹੋਰ ਗੁਆਂਢੀ ਖੇਤਰਾਂ ਦੀ ਸੁਰੱਖਿਆ ਸਥਿਤੀ 'ਤੇ ਵੀ ਇਸ ਦਾ ਵੱਡਾ ਪ੍ਰਭਾਵ ਪੈ ਸਕਦਾ ਹੈ। ਤਹਿਰਾਨ ਵੱਲੋਂ ਇਸ ਜਵਾਬ ਦੀ ਸਮੀਖਿਆ ਤੋਂ ਬਾਅਦ ਹੀ ਅਗਲੀ ਰਣਨੀਤੀ ਸਾਫ਼ ਹੋਵੇਗੀ। ਅੰਤਰਰਾਸ਼ਟਰੀ ਭਾਈਚਾਰਾ ਇਸ ਗੱਲਬਾਤ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ ਕਿਉਂਕਿ ਇਹ ਵਿਸ਼ਵ ਸ਼ਾਂਤੀ ਲਈ ਬਹੁਤ ਅਹਿਮ ਹੈ।

# ਦੂਜੀ ਦੁਨੀਆ ਦੇ ਰਾਜ਼ ਖੋਲ੍ਹਣ ਲਈ ਅਮਰੀਕਾ ਤਿਆਰ

## ਟਰੰਪ ਨੇ ਪੈਂਟਾਗਨ ਨੂੰ ਯੂ ਐੱਫ ਓ ਫਾਈਲਾਂ ਜਾਰੀ ਕਰਨ ਲਈ ਕਿਹਾ



ਵਾਸ਼ਿੰਗਟਨ : ਆਪਣਾ ਪੰਜਾਬ ਮੀਡੀਆ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਦੁਨੀਆ ਭਰ ਵਿੱਚ ਜਗਿਆਸਾ ਪੈਦਾ ਕਰਦਿਆਂ ਐਲਾਨ ਕੀਤਾ ਹੈ ਕਿ ਪੈਂਟਾਗਨ ਵੱਲੋਂ ਕੁਝ ਬਹੁਤ ਹੀ ਦਿਲਚਸਪ ਯੂ ਐੱਫ ਓ (ਅਣਪਛਾਤੀਆਂ ਉੱਡਦੀਆਂ ਵਸਤਾਂ ਜਾਂ ਉਡਣ ਤਸ਼ਤਰੀਆਂ) ਸਬੰਧੀ ਫਾਈਲਾਂ ਜਾਰੀ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਇਹ ਫਾਈਲਾਂ ਉਨ੍ਹਾਂ ਦੇ ਪ੍ਰਸ਼ਾਸਨ ਦੌਰਾਨ ਸਾਹਮਣੇ ਆਈਆਂ ਹਨ, ਜੋ ਦੂਜੇ ਗ੍ਰਹਿਆਂ 'ਤੇ ਜੀਵਨ (ਏਲੀਅਨਜ਼) ਬਾਰੇ ਕਈ ਅਣਸੁਲਝੇ ਸਵਾਲਾਂ ਤੋਂ ਪਰਦਾ ਹਟਾ ਸਕਦੀਆਂ ਹਨ। ਵ੍ਹਾਈਟ ਹਾਊਸ 'ਚ ਨਾਸਾ ਦੇ ਪੁਲਾੜ ਯਾਤਰੀਆਂ ਦੇ ਸਨਮਾਨ ਵਿੱਚ ਰੱਖੇ ਗਏ ਸਮਾਗਮ ਦੌਰਾਨ ਟਰੰਪ ਨੇ ਕਿਹਾ, "ਅਸੀਂ ਬਹੁਤ ਸਾਰੀਆਂ ਅਜਿਹੀਆਂ ਚੀਜ਼ਾਂ ਜਾਰੀ ਕਰਨ ਜਾ ਰਹੇ ਹਾਂ ਜੋ ਪਹਿਲਾਂ ਕਦੇ ਜਨਤਕ ਨਹੀਂ ਕੀਤੀਆਂ ਗਈਆਂ। ਮੈਨੂੰ ਲੱਗਦਾ ਹੈ ਕਿ ਇਨ੍ਹਾਂ ਵਿੱਚੋਂ ਕੁਝ ਜਾਣਕਾਰੀਆਂ ਲੋਕਾਂ ਲਈ ਬਹੁਤ ਹੈਰਾਨੀਜਨਕ ਅਤੇ ਦਿਲਚਸਪ ਹੋਣਗੀਆਂ।" ਜ਼ਿਕਰਯੋਗ ਹੈ ਕਿ ਟਰੰਪ ਲਗਾਤਾਰ ਖ਼ੁਦ ਨੂੰ ਅਜਿਹੇ ਰਾਸ਼ਟਰਪਤੀ ਵਜੋਂ ਪੇਸ਼ ਕਰ ਰਹੇ ਹਨ ਜੋ ਸਾਲਾਂ ਤੋਂ ਦਬਾਏ ਗਏ ਸਰਕਾਰੀ ਭੇਤਾਂ ਨੂੰ ਜਨਤਕ ਕਰਨ ਦੀ ਹਿੰਮਤ ਰੱਖਦੇ ਹਨ। ਇਸ ਸਾਲ ਫਰਵਰੀ ਵਿੱਚ ਉਨ੍ਹਾਂ ਸੰਘੀ ਏਜੰਸੀਆਂ ਨੂੰ ਨਿਰਦੇਸ਼ ਦਿੱਤੇ ਸਨ ਕਿ ਏਲੀਅਨਜ਼ ਅਤੇ 'ਉਡਣ ਤਸ਼ਤਰੀਆਂ' ਨਾਲ ਸਬੰਧਤ ਸਾਰੇ ਰਿਕਾਰਡ ਖੋਲ੍ਹੇ ਜਾਣ। ਸੋਸ਼ਲ ਮੀਡੀਆ 'ਤੇ ਆਪਣੀ ਪੋਸਟ ਵਿੱਚ ਉਨ੍ਹਾਂ ਲਿਖਿਆ ਸੀ ਕਿ ਅਮਰੀਕੀ ਲੋਕ ਪਾਰਦਰਸ਼ਤਾ ਅਤੇ ਸੱਚਾਈ ਦੇ ਹੱਕਦਾਰ ਹਨ।

# Kailash Mansarovar: ਨੇਪਾਲ ਨੂੰ ਲਿਪੁਲੇਖ ਰਾਹੀਂ ਯਾਤਰਾ 'ਤੇ ਇਤਰਾਜ਼

- ਭਾਰਤ ਨੇ ਨੇਪਾਲੀ ਦਾਅਵਿਆਂ ਨੂੰ 'ਅਧਾਰਹੀਣ' ਦੱਸਿਆ
- ਇਤਿਹਾਸਕ ਤੱਥਾਂ ਦਾ ਦਿੱਤਾ ਹਵਾਲਾ
- ਸਰਹੱਦੀ ਵਿਵਾਦ ਸੁਲਝਾਉਣ ਲਈ ਦੋਵੇਂ ਦੇਸ਼ ਕੂਟਨੀਤਕ ਗੱਲਬਾਤ ਲਈ ਤਿਆਰ



ਨਵੀਂ ਦਿੱਲੀ: ਆਪਣਾ ਪੰਜਾਬ ਮੀਡੀਆ : ਨੇਪਾਲ ਨੇ ਉੱਤਰਾਖੰਡ ਦੇ ਲਿਪੁਲੇਖ ਰਾਹੀਂ ਪ੍ਰਸਤਾਵਿਤ ਕੈਲਾਸ਼ ਮਾਨਸਰੋਵਰ ਯਾਤਰਾ ਦੇ ਰੂਟ 'ਤੇ ਰਸਮੀ ਤੌਰ 'ਤੇ ਇਤਰਾਜ਼ ਜਤਾਇਆ ਹੈ। ਨੇਪਾਲ ਨੇ ਭਾਰਤ ਅਤੇ ਚੀਨ ਦੋਵਾਂ ਕੋਲ ਆਪਣਾ ਕੂਟਨੀਤਕ ਵਿਰੋਧ ਦਰਜ ਕਰਵਾਉਂਦਿਆਂ ਦਾਅਵਾ ਕੀਤਾ ਹੈ ਕਿ ਲਿਪੁਲੇਖ ਅਤੇ ਇਸ ਦੇ ਆਸ-ਪਾਸ ਦੇ ਇਲਾਕੇ ਉਸ ਦੀ ਖੇਤਰੀ ਹੱਦ ਵਿੱਚ ਆਉਂਦੇ ਹਨ। ਭਾਰਤੀ ਵਿਦੇਸ਼ ਮੰਤਰਾਲੇ ਨੇ ਐਤਵਾਰ ਰਾਤ ਨੂੰ ਇਸ ਦਾ ਜਵਾਬ ਦਿੰਦਿਆਂ ਕਿਹਾ ਕਿ ਨੇਪਾਲ ਦੇ ਇਹ ਦਾਅਵੇ ਖੇਤਰ ਦਾ ਇੱਕਪਾਸੜ 'ਬਨਾਵਟੀ ਵਿਸਥਾਰ' ਹਨ ਅਤੇ ਇਹ ਬਿਲਕੁਲ ਵੀ ਸਵੀਕਾਰ ਕਰਨ ਯੋਗ (Untenable) ਨਹੀਂ ਹਨ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ, "ਭਾਰਤ ਲਗਾਤਾਰ ਇਹ ਕਹਿੰਦਾ ਆ ਰਿਹਾ ਹੈ ਕਿ ਨੇਪਾਲ ਦੇ ਅਜਿਹੇ ਦਾਅਵੇ ਨਾ ਤਾਂ ਜਾਇਜ਼ ਹਨ ਅਤੇ ਨਾ ਹੀ ਇਤਿਹਾਸਕ ਤੱਥਾਂ ਜਾਂ ਸਬੂਤਾਂ 'ਤੇ ਆਧਾਰਿਤ ਹਨ।" ਨੇਪਾਲ ਦੇ ਵਿਦੇਸ਼ ਮੰਤਰਾਲੇ ਨੇ ਆਪਣੇ ਵਿਰੋਧ ਵਿੱਚ ਕਿਹਾ ਹੈ ਕਿ 1816 ਦੀ ਸੁਗੌਲੀ ਸੰਧੀ ਅਨੁਸਾਰ ਲਿੰਪੀਆਧੁਰਾ, ਲਿਪੁਲੇਖ ਅਤੇ ਕਾਲਾਪਾਣੀ ਨੇਪਾਲ ਦਾ ਅਨਿੱਖੜਵਾਂ ਅੰਗ ਹਨ। ਨੇਪਾਲੀ ਵਿਦੇਸ਼ ਮੰਤਰੀ ਸ਼ਿਸ਼ਿਰ ਖਨਾਲ ਨੇ ਦੱਸਿਆ ਕਿ ਇਹ ਕਦਮ ਸਿਆਸੀ ਪਾਰਟੀਆਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਚੁੱਕਿਆ ਗਿਆ ਹੈ ਅਤੇ ਨੇਪਾਲ ਦੇ ਅਧਿਕਾਰਤ ਪੱਖ ਤੋਂ ਭਾਰਤ ਨੂੰ ਜਾਣੂ ਕਰਵਾ ਦਿੱਤਾ ਗਿਆ ਹੈ।


BJ DIGITAL PHOTO & VIDEO
NEWYORK USA
646-403-7334
116-12 101 Ave, South Richmond Hill, NY 11419
A COMPLETE SOLUTION OF 4K & FULL HD VIDEOS & DIGITAL PHOTOS
718-441-6516
OUR SERVICES
Wedding Photography
Ring Ceremony
Birthday Photography
ALL Other Function
Sweet Sixteen
Kids Photography
bj_video@yahoo.com
www.bjphotography.com



Copyright: Apna Punjab Media 2025-26

ਸੱਚ ਦੀ ਆਵਾਜ਼
# ਆਪਣਾ ਪੰਜਾਬ
BILINGUAL
ESTD. 2005
*Journalism With Guts to Tell It Like It Is!*

Google apna punjab media

Founder & Chief Editor : Gurmit Singh
1 516 989 8001 | 1 631 835 8000

COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com







Copyright: Apna Punjab Media 2025-26
Graphic & Design: Apna Punjab Media Team



# ਯੂਏਈ ਹਮਲੇ ਵਿੱਚ ਤਿੰਨ ਭਾਰਤੀ ਜ਼ਖ਼ਮੀ; ਭਾਰਤ ਨੇ 'ਨਾ-ਕਾਬਿਲੇ-ਬਰਦਾਸ਼ਤ' ਦੱਸਿਆ




- ਨਵੀਂ ਦਿੱਲੀ ਵੱਲੋਂ ਤੁਰੰਤ ਬੰਦ ਕਰਨ ਦੀ ਅਪੀਲ
- ਪੱਛਮੀ ਏਸ਼ੀਆ ਵਿੱਚ ਅਮਨ-ਸ਼ਾਂਤੀ ਬਹਾਲ ਕਰਨ 'ਤੇ ਦਿੱਤਾ ਜ਼ੋਰ

ਨਵੀਂ ਦਿੱਲੀ : ਆਪਣਾ ਪੰਜਾਬ ਮੀਡੀਆ : ਸੰਯੁਕਤ ਅਰਬ ਅਮੀਰਾਤ (UAE) ਦੇ ਫੁਜੈਰਾਹ ਵਿੱਚ ਹੋਏ ਹਮਲੇ, ਜਿਸ ਵਿੱਚ ਤਿੰਨ ਭਾਰਤੀ ਨਾਗਰਿਕ ਜ਼ਖ਼ਮੀ ਹੋ ਗਏ ਹਨ, 'ਤੇ ਭਾਰਤ ਨੇ ਸਖ਼ਤ ਪ੍ਰਤੀਕਿਰਿਆ ਦਿੱਤੀ ਹੈ। ਭਾਰਤ ਨੇ ਮੰਗਲਵਾਰ ਨੂੰ ਇਸ ਘਟਨਾ ਨੂੰ 'ਨਾ-ਕਾਬਿਲੇ-ਬਰਦਾਸ਼ਤ' (Unacceptable) ਕਰਾਰ ਦਿੱਤਾ ਅਤੇ ਖੇਤਰ ਵਿੱਚ ਵਧ ਰਹੀ ਹਿੰਸਾ ਨੂੰ ਤੁਰੰਤ ਬੰਦ ਕਰਨ ਦੀ ਅਪੀਲ ਕੀਤੀ ਹੈ। ਭਾਰਤੀ ਵਿਦੇਸ਼ ਮੰਤਰਾਲੇ (MEA) ਨੇ ਇੱਕ ਅਧਿਕਾਰਤ ਬਿਆਨ ਜਾਰੀ ਕਰਦਿਆਂ ਕਿਹਾ ਕਿ ਭਾਰਤ ਇਸ ਨਾਜ਼ੁਕ ਸਥਿਤੀ ਨੂੰ ਸੁਲਝਾਉਣ ਲਈ ਗੱਲਬਾਤ ਅਤੇ ਕੂਟਨੀਤੀ ਦੇ ਪੱਖ ਵਿੱਚ ਹੈ। ਮੰਤਰਾਲੇ ਨੇ ਸਾਰੀਆਂ ਧਿਰਾਂ ਨੂੰ ਸੰਜਮ ਵਰਤਣ ਦੀ ਅਪੀਲ ਕੀਤੀ ਹੈ ਤਾਂ ਜੋ ਪੱਛਮੀ ਏਸ਼ੀਆ ਵਿੱਚ ਸ਼ਾਂਤੀ ਅਤੇ ਸਥਿਰਤਾ ਬਹਾਲ ਕੀਤੀ ਜਾ ਸਕੇ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ, ' ਫੁਜੈਰਾਹ 'ਤੇ ਹਮਲਾ, ਜਿਸ ਵਿੱਚ ਤਿੰਨ ਭਾਰਤੀ ਜ਼ਖ਼ਮੀ ਹੋਏ ਹਨ, ਬੇਹੱਦ ਮੰਦਭਾਗਾ ਹੈ। ਮਾਸੂਮ ਨਾਗਰਿਕਾਂ ਅਤੇ ਨਾਗਰਿਕ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਉਣਾ ਤੁਰੰਤ ਬੰਦ ਹੋਣਾ ਚਾਹੀਦਾ ਹੈ।"

## Canada 'ਚ ਜਬਰੀ ਵਸੂਲੀ ਖ਼ਿਲਾਫ਼ ਵੱਡੀ ਕਾਰਵਾਈ; 20 ਸਾਲਾ ਪੰਜਾਬੀ ਨੌਜਵਾਨ ਡਿਪੋਰਟ

### ਸਰੀ ਪੁਲੀਸ ਨੇ ਪ੍ਰਭਜੋਤ ਸਿੰਘ ਦੀ ਤਸਵੀਰ ਕੀਤੀ ਜਨਤਕ




ਸਰੀ /ਚੰਡੀਗੜ੍ਹ : ਆਪਣਾ ਪੰਜਾਬ ਮੀਡੀਆ : ਕੈਨੇਡਾ ਦੇ ਸਰੀ (Surrey) ਵਿੱਚ ਵਧ ਰਹੇ ਜਬਰੀ ਵਸੂਲੀ ਅਤੇ ਫ਼ਿਰੌਤੀਆਂ ਦੇ ਮਾਮਲਿਆਂ 'ਤੇ ਨਕੇਲ ਕੱਸਦੇ ਹੋਏ ਸਰੀ ਪੁਲੀਸ ਸਰਵਿਸ (SPS) ਨੇ ਇੱਕ 20 ਸਾਲਾ ਪੰਜਾਬੀ ਨੌਜਵਾਨ ਨੂੰ ਡਿਪੋਰਟ ਕਰ ਦਿੱਤਾ ਹੈ। ਪੁਲੀਸ ਨੇ ਇਸ ਨੌਜਵਾਨ ਦੀ ਪਛਾਣ ਪ੍ਰਭਜੋਤ ਸਿੰਘ (20) ਵਜੋਂ ਕੀਤੀ ਹੈ ਅਤੇ ਉਸ ਦੀ ਤਸਵੀਰ ਜਨਤਕ ਕਰਦਿਆਂ ਉਸ ਦੇ ਸਾਥੀਆਂ ਬਾਰੇ ਜਾਣਕਾਰੀ ਮੰਗੀ ਹੈ। ਮਿਲੀ ਜਾਣਕਾਰੀ ਅਨੁਸਾਰ, ਪ੍ਰਭਜੋਤ ਸਿੰਘ ਨੂੰ ਸਰੀ ਪੁਲੀਸ ਨੇ ਇਸ ਸਾਲ ਦੇ ਸ਼ੁਰੂ ਵਿੱਚ ਗ੍ਰਿਫ਼ਤਾਰ ਕੀਤਾ ਸੀ। ਜਾਂਚ ਦੌਰਾਨ ਸਾਹਮਣੇ ਆਏ ਤੱਥਾਂ ਅਤੇ ਖ਼ੁਫ਼ੀਆ ਜਾਣਕਾਰੀ ਨੂੰ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (CBSA) ਨਾਲ ਸਾਂਝਾ ਕੀਤਾ ਗਿਆ, ਜਿਸ ਤੋਂ ਬਾਅਦ ਉਸ ਦਾ ਕਾਨੂੰਨੀ ਰੁਤਬਾ (Visa/Status) ਖ਼ਤਮ ਕਰਕੇ ਉਸ ਨੂੰ ਦੇਸ਼ ਵਿੱਚੋਂ ਕੱਢ ਦਿੱਤਾ ਗਿਆ। SPS ਚੀਫ਼ ਕੰਸਟੇਬਲ ਨੌਰਮ ਲਿਪਿੰਸਕੀ ਨੇ ਕਿਹਾ ਕਿ ਪੁਲੀਸ ਇਸ ਗੰਭੀਰ ਸੰਕਟ ਨਾਲ ਨਜਿੱਠਣ ਲਈ ਵਚਨਬੱਧ ਹੈ ਅਤੇ ਅਪਰਾਧਿਕ ਨੈੱਟਵਰਕਾਂ ਦੀਆਂ ਜੜ੍ਹਾਂ ਤੱਕ ਪਹੁੰਚਣ ਲਈ ਹੋਰ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ।

## ਦੋ ਭਾਰਤੀ ਪੱਤਰਕਾਰ Anand RK ਅਤੇ Suparna Sharma ਪੁਲਿਤਜ਼ਰ ਪੁਰਸਕਾਰ ਨਾਲ ਸਨਮਾਨਿਤ


### ਡਿਜੀਟਲ ਅਰੈਸਟ' ਦੇ ਖ਼ਤਰਿਆਂ ਨੂੰ ਉਜਾਗਰ ਕਰਨ ਲਈ ਮਿਲਿਆ ਸਨਮਾਨ



ਨਿਊਯਾਰਕ : ਆਪਣਾ ਪੰਜਾਬ ਮੀਡੀਆ : ਦੋ ਭਾਰਤੀ ਪੱਤਰਕਾਰਾਂ, ਆਨੰਦ ਆਰਕੇ ( Anand RK) ਅਤੇ ਸੁਪਰਨਾ ਸ਼ਰਮਾ (Suparna Sharma) ਨੇ ਡਿਜੀਟਲ ਨਿਗਰਾਨੀ ਅਤੇ ਸਾਈਬਰ ਧੋਖਾਧੜੀ ਵਰਗੇ ਗੰਭੀਰ ਵਿਸ਼ਿਆਂ 'ਤੇ ਸ਼ਾਨਦਾਰ ਕੰਮ ਕਰਨ ਲਈ ਪੱਤਰਕਾਰੀ ਦੇ ਖੇਤਰ ਦਾ ਸਭ ਤੋਂ ਉੱਚਾ ਸਨਮਾਨ 'ਪੁਲਿਤਜ਼ਰ ਪੁਰਸਕਾਰ' ਜਿੱਤ ਲਿਆ ਹੈ। ਸੋਮਵਾਰ ਨੂੰ ਐਲਾਨੇ ਗਏ ਇਨ੍ਹਾਂ ਇਨਾਮਾਂ ਵਿੱਚ ਦੋਵਾਂ ਨੂੰ 'ਇਲਸਟ੍ਰੇਟਿਡ ਰਿਪੋਰਟਿੰਗ ਅਤੇ ਕਮੈਂਟਰੀ' ਸ਼੍ਰੇਣੀ ਵਿੱਚ ਜੇਤੂ ਐਲਾਨਿਆ ਗਿਆ। ਉਨ੍ਹਾਂ ਨੇ ਇਹ ਪੁਰਸਕਾਰ ਬਲੂਮਬਰਗ ਦੀ ਆਪਣੀ ਸਾਥੀ ਪੱਤਰਕਾਰ ਨਤਾਲੀ ਓਬੀਕੋ ਪੀਅਰਸਨ ਨਾਲ ਸਾਂਝਾ ਕੀਤਾ ਹੈ।











Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Founder & Chief Editor : Gurmit Singh
1 516 989 8001 | 1 631 835 8000
Google apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com
15 VOL XVIII, ISSUE 1914 | TUESDAY MAY 05, 2026
NEW YORK


SINGH21 Corp.
BUSINESS & INVESTMENT CONSULTENTS UNITED STATES

# NOW LAUNCHING IN CHANDIGARH TRICITY

## CHANDIGARH | MOHALI | PANCHKULA

**Chandigarh Tricity is Emerging as One of the Biggest Business Hubs for the Future.**

## About Us

Call us for more info
+1516 989 8004

*Singh21.com is a USA-based corporation providing Business & Investment Consulting services since last 30 years in United States.*

*Backed by the leadership and experience of Gurmit Singh, who have vast expertise in Business Development and Marketing Consulting, the company has successfully supported entrepreneurs and investors in expanding across international markets.*

*Building on this global experience, Singh21 is now launching its services across the Chandigarh Tricity region.*

## SINGH21.COM — MISSION & VISION

*We aim to assist NRIs, investors, and business owners who wish to invest in commercial projects, residential properties, and profitable business opportunities in Tricity and surrounding high-growth areas.*



Gurmit Singh
Gold Medalist
CEO & PRESIDENT



Gursewak Singh
IT EXPERT
Managing Director

**At Singh21.com, our mission is simple — connect global investors with trusted opportunities and help businesses grow with confidence.**

CONTACT US

+1516 898 8001
Signal +1 631 835 8000
Call us for more info +91 99889 16431

NEW YORK | CHANDIGARH SINGH21.COM info@singh21.com

**With Best Compliments From Apna Punjab Media Group New York**



ਸੱਚ ਦੀ ਆਵਾਜ਼

# ਆਪਣਾ ਪੰਜਾਬ

BILINGUAL

ESTD. 2005

Journalism With Guts to Tell It Like It Is!

Google apna punjab media

Founder & Chief Editor: Gurmit Singh

1 516 989 8001 | 1 631 835 8000

COVERING DIASPORA INTERNATIONALLY

APNA PUNJAB media.tv HD

CORPORATE OFFICE: NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com

16 VOL XVIII, ISSUE 1914 | TUESDAY MAY 05, 2026

INDIA



BREAKING NEWS

ਦੇਸ਼ ਅਤੇ ਵਿਦੇਸ਼ ਦੀਆਂ ਤਾਜ਼ਾ ਤੇ ਵੱਖ-ਵੱਖ ਖ਼ਬਰਾਂ ਪੜ੍ਹਨ ਲਈ ਸਾਡੇ ਵੱਖ-ਵੱਖ ਪੇਜਾਂ 'ਤੇ ਜਾਓ।

Visit our dedicated pages for the latest national and international news.

ਹਟਕੇ ਹਟੇ


# ਯੂ ਪੀ 'ਚ ਅਪਣਾਈ ਰਣਨੀਤੀ ਬੰਗਾਲ 'ਚ ਲਾਗੂ ਕੀਤੀ ਗਈ: ਅਖਿਲੇਸ਼

## ਸਮਾਜਵਾਦੀ ਪਾਰਟੀ ਮੁਖੀ ਨੇ ਭਾਜਪਾ ਤੇ ਚੋਣ ਕਮਿਸ਼ਨ 'ਤੇ ਨਿਸ਼ਾਨਾ ਸੇਧਿਆ

**ਲਖਨਊ : ਆਪਣਾ ਪੰਜਾਬ ਮੀਡੀਆ :** ਉੱਤਰਾਖੰਡ ਵਿਖੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਸਲਾਨਾ ਯਾਤਰਾ ਲਈ ਬਰਫ ਹਟਾ ਕੇ ਰਸਤੇ ਤਿਆਰ ਕਰ ਰਹੀ ਭਾਰਤੀ ਫੌਜ ਦੇ ਜਵਾਨ ਅਤੇ ਗੁਰਦੁਆਰਾ ਟਰਸਟ ਦੇ ਵਲੰਟੀਅਰ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਪੁੱਜ ਗਏ ਹਨ, ਜਿੱਥੇ ਉਹਨਾਂ ਅਰਦਾਸ ਕਰਨ ਮਗਰੋਂ ਗੁਰਦੁਆਰੇ ਦੇ ਆਲੇ ਦੁਆਲੇ ਜੰਮੀ ਹੋਈ ਬਰਫ ਨੂੰ ਹਟਾਉਣਾ ਸ਼ੁਰੂ ਕਰ ਦਿੱਤਾ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਸਲਾਨਾ ਯਾਤਰਾ ਤਹਿਤ ਸੰਗਤ ਵਾਸਤੇ ਗੁਰਦੁਆਰੇ ਦੇ ਕਿਵਾੜ 23 ਮਈ ਨੂੰ ਖੋਲੇ ਜਾਣਗੇ। ਜਦੋਂ ਕਿ ਯਾਤਰਾ ਗੁਰਦੁਆਰਾ ਸ੍ਰੀ ਰਿਸ਼ੀਕੇਸ਼ ਤੋਂ 20 ਮਈ ਨੂੰ



ਪਹਿਲੇ ਜਥੇ ਦੀ ਰਵਾਨਗੀ ਨਾਲ ਆਰੰਭ ਹੋਵੇਗੀ।

ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਦਾਅਵਾ ਕਰਦਿਆਂ ਕਿਹਾ ਹੈ ਕਿ ਭਾਜਪਾ ਵੱਲੋਂ ਚੋਣ ਕਮਿਸ਼ਨ ਨਾਲ ਮਿਲ ਕੇ ਯੂ ਪੀ ਜ਼ਿਮਨੀ ਚੋਣਾਂ 'ਚ 'ਰਣਨੀਤਕ ਤੌਰ ਉੱਤੇ ਚੋਣ ਅਧਿਕਾਰੀਆਂ ਦੀ ਤਾਇਨਾਤੀ ਕਰਨ ਦੀ ਪ੍ਰਕਿਰਿਆ ਨੂੰ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ 'ਚ ਹੂ-ਬ-ਹੂ ਲਾਗੂ' ਕੀਤਾ ਗਿਆ ਹੈ। ਹਾਲਾਂਕਿ, ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੀਆਂ ਗੱਲਾਂ ਦੇ ਬਾਵਜੂਦ ਦੀਦੀ (ਮਮਤਾ ਬੈਨਰਜੀ) ਜਿੱਤ ਦਰਜ ਕਰੇਗੀ।

ਇੱਥੇ ਪਾਰਟੀ ਦਫ਼ਤਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਯਾਦਵ ਨੇ ਦੁਹਰਾਇਆ ਕਿ ਚੋਣ ਕਮਿਸ਼ਨ ਸੰਵਿਧਾਨਕ ਸੰਸਥਾ ਹੈ, ਜਿਸਨੂੰ ਨਿਰਪੱਖ ਰਹਿਣਾ ਚਾਹੀਦਾ ਹੈ। ਇਸ ਨੂੰ ਕਿਸੇ ਖ਼ਿਲਾਫ਼ ਪੱਖਪਾਤ ਨਹੀਂ ਕਰਨਾ ਚਾਹੀਦਾ, ਨਿਰਪੱਖ ਰਹਿਣਾ ਅਤੇ ਲੋਕਤੰਤਰ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ, "ਹਾਲਾਂਕਿ, ਰਾਮਪੁਰ ਸਮੇਤ ਯੂ ਪੀ ਵਿੱਚ ਹੋਈਆਂ ਜ਼ਿਮਨੀ ਚੋਣਾਂ ਦੌਰਾਨ ਇਸ ਗੱਲ ਦਾ ਖ਼ੁਲਾਸਾ ਹੋਇਆ ਸੀ ਕਿਵੇਂ ਪ੍ਰੀਜ਼ਾਈਡਿੰਗ ਅਫ਼ਸਰਾਂ, ਸਟਾਫ਼ ਅਤੇ ਅਧਿਕਾਰੀਆਂ ਦੀ ਚੁਣ-ਚੁਣ ਕੇ ਨਿਯੁਕਤੀ ਤੇ ਤਾਇਨਾਤੀ ਕੀਤੀ ਗਈ ਸੀ। ਹੋ ਸਕਦਾ ਹੈ ਕਿ ਭਾਜਪਾ ਨੇ ਚੋਣ ਕਮਿਸ਼ਨ ਨਾਲ ਮਿਲ ਕੇ ਯੂ ਪੀ ਵਿੱਚ ਟਰਾਇਲ ਕੀਤਾ ਹੋਵੇ। ਤੁਸੀਂ ਇਸ ਨੂੰ ਰਿਹਰਸਲ ਵੀ ਆਖ ਸਕਦੇ ਹੋ।"

# ਫੌਜੀ ਜਵਾਨਾਂ ਨੇ ਅਰਦਾਸ ਕਰ ਸ਼ੁਰੂ ਕੀਤਾ ਸ੍ਰੀ ਹੇਮਕੁੰਟ ਸਾਹਿਬ ਵਿਖੇ ਬਰਫ਼ ਹਟਾਉਣ ਦਾ ਕੰਮ

**ਚਮੋਲੀ : ਆਪਣਾ ਪੰਜਾਬ ਮੀਡੀਆ :** ਉੱਤਰਾਖੰਡ ਵਿਖੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਸਲਾਨਾ ਯਾਤਰਾ ਲਈ ਬਰਫ ਹਟਾ ਕੇ ਰਸਤੇ ਤਿਆਰ ਕਰ ਰਹੀ ਭਾਰਤੀ ਫੌਜ ਦੇ ਜਵਾਨ ਅਤੇ ਗੁਰਦੁਆਰਾ ਟਰਸਟ ਦੇ ਵਲੰਟੀਅਰ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਪੁੱਜ ਗਏ ਹਨ, ਜਿੱਥੇ ਉਹਨਾਂ ਅਰਦਾਸ ਕਰਨ ਮਗਰੋਂ ਗੁਰਦੁਆਰੇ ਦੇ ਆਲੇ ਦੁਆਲੇ ਜੰਮੀ ਹੋਈ ਬਰਫ ਨੂੰ ਹਟਾਉਣਾ ਸ਼ੁਰੂ ਕਰ ਦਿੱਤਾ। ਗੁਰਦੁਆਰਾ



ਸ੍ਰੀ ਹੇਮਕੁੰਟ ਸਾਹਿਬ ਦੀ ਸਲਾਨਾ ਯਾਤਰਾ ਤਹਿਤ ਸੰਗਤ ਵਾਸਤੇ ਗੁਰਦੁਆਰੇ ਦੇ ਕਿਵਾੜ 23 ਮਈ ਨੂੰ ਖੋਲੇ ਜਾਣਗੇ।

ਜਦੋਂ ਕਿ ਯਾਤਰਾ ਗੁਰਦੁਆਰਾ ਸ੍ਰੀ ਰਿਸ਼ੀਕੇਸ਼ ਤੋਂ 20 ਮਈ ਨੂੰ ਪਹਿਲੇ ਜਥੇ ਦੀ ਰਵਾਨਗੀ ਨਾਲ ਆਰੰਭ ਹੋਵੇਗੀ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਸਤਿਆਂ ਵਿੱਚ ਜੰਮੀ ਹੋਈ ਬਰਫ ਹਟਾ ਰਹੇ ਭਾਰਤੀ ਫੌਜ ਤੇ ਜਵਾਨ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਪੁੱਜ ਗਏ ਹਨ ਹੁਣ ਉਹ ਗੁਰਦੁਆਰੇ ਦੇ ਆਲੇ ਦੁਆਲੇ ਜੰਮੀ ਹੋਈ ਬਰਫ ਨੂੰ ਹਟਾਉਣਗੇ। ਇਸ ਦੌਰਾਨ ਭਾਰਤੀ ਫੌਜ ਦੇ ਜਵਾਨਾਂ ਅਤੇ ਗੁਰਦੁਆਰਾ ਵਲੰਟੀਅਰਾਂ ਦੀ ਇੱਕ ਵੀਡੀਓ ਵੀ ਅਪਲੋਡ ਕੀਤੀ ਹੈ ਜਿਸ ਵਿੱਚ ਉਹ ਗੁਰਦੁਆਰੇ ਦੇ ਮੁੱਖ ਦਰਵਾਜੇ ਦੇ ਬਾਹਰ ਅਰਦਾਸ ਕਰਦੇ ਹੋਏ ਨਜ਼ਰ ਆ ਰਹੇ ਹਨ।


## NAME CHANGE

I, Sonu, son of Hisam Singh, residing at V.P.O. Pabnawa, Tehsil Dhand, District Kaithal, PIN 136027, Haryana, India, currently residing at 7235 French Rd, Apt-5P, Sacramento, CA 95828, hereby declare that I am changing my name from Sonu to Sonu Singh, effective immediately. All concerned parties are requested to take note of this name change. Sworn and subscribed on this 20th day of April 2026.


# ਲਾਪਤਾ ਫ਼ੌਜੀ ਨੂੰ 'ਭਗੌੜਾ' ਮੰਨਣ ਦਾ ਫ਼ੈਸਲਾ ਰੱਦ, ਵਿਧਵਾ ਨੂੰ ਮਿਲੇਗੀ ਪੈਨਸ਼ਨ



**ਨਵੀਂ ਦਿੱਲੀ: ਆਪਣਾ ਪੰਜਾਬ ਮੀਡੀਆ:** ਆਰਮਡ ਫੋਰਸਿਜ਼ ਟ੍ਰਿਬਿਊਨਲ ਦੇ ਚੰਡੀਗੜ੍ਹ ਬੈਂਚ ਨੇ ਅਹਿਮ ਫ਼ੈਸਲਾ ਸੁਣਾਉਂਦਿਆਂ 46 ਸਾਲ ਪਹਿਲਾਂ ਲਾਪਤਾ ਹੋਏ ਫ਼ੌਜੀ ਨੂੰ 'ਮ੍ਰਿਤਕ' ਮੰਨਣ ਦੇ ਹੁਕਮ ਦਿੱਤੇ ਹਨ। ਟ੍ਰਿਬਿਊਨਲ ਨੇ ਫ਼ੌਜੀ ਦੀ ਵਿਧਵਾ ਨੂੰ 1993 ਤੋਂ ਪੈਨਸ਼ਨ ਅਤੇ ਪਿਛਲੇ ਸਾਰੇ ਬਕਾਏ ਅਦਾ ਕਰਨ ਦਾ ਹੁਕਮ ਦਿੱਤਾ ਹੈ।

ਹਿਮਾਚਲ ਪ੍ਰਦੇਸ਼ ਨਿਵਾਸੀ ਓਮ ਪ੍ਰਕਾਸ਼ ਪਰਦੇਸੀ 1969 ਵਿੱਚ ਕੋਰ ਆਫ ਮਿਲਟਰੀ ਪੁਲੀਸ ਵਿੱਚ ਭਰਤੀ ਹੋਏ ਸਨ। ਨਵੰਬਰ 1980 ਵਿੱਚ ਉਹ ਅਚਾਨਕ ਲਾਪਤਾ ਹੋ ਗਏ ਸਨ। ਤਿੰਨ ਸਾਲ ਬਾਅਦ ਦਸੰਬਰ 1983 ਵਿੱਚ ਫ਼ੌਜ ਨੇ ਉਨ੍ਹਾਂ ਨੂੰ 'ਭਗੌੜਾ' ਐਲਾਨਣ ਮਗਰੋਂ ਫ਼ੌਜ ਤੋਂ ਬਰਖ਼ਾਸਤ ਕਰ ਦਿੱਤਾ ਸੀ ਜਿਸ ਕਾਰਨ ਪਰਿਵਾਰ ਨੂੰ ਪੈਨਸ਼ਨ ਦੇ ਲਾਭ ਤੋਂ ਵਾਂਝਾ ਕਰ ਦਿੱਤਾ ਗਿਆ ਸੀ।

ਜਸਟਿਸ ਉਮੇਸ਼ ਚੰਦਰ ਸ਼ਰਮਾ ਅਤੇ ਲੈਫ਼ਟੀਨੈਂਟ ਜਨਰਲ ਰਣਬੀਰ ਸਿੰਘ 'ਤੇ ਆਧਾਰਿਤ ਟ੍ਰਿਬਿਊਨਲ ਦੇ ਚੰਡੀਗੜ੍ਹ ਬੈਂਚ ਨੇ ਫ਼ੌਜ ਦੇ ਰਵੱਈਏ ਨੂੰ ਲਾਪਰਵਾਹੀ ਵਾਲਾ ਦੱਸਿਆ। ਉਨ੍ਹਾਂ ਕਿਹਾ ਕਿ ਫ਼ੌਜ ਜਾਂ ਪ੍ਰਸ਼ਾਸਨ ਕੋਲ ਅਜਿਹਾ ਕੋਈ ਸਬੂਤ ਨਹੀਂ ਹੈ ਕਿ ਉਨ੍ਹਾਂ ਫ਼ੌਜੀ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਹੋਵੇ। ਭਾਰਤੀ ਐਵੀਡੈਂਸ ਐਕਟ ਦੀ ਧਾਰਾ 108 ਅਨੁਸਾਰ ਜੇ ਕੋਈ ਵਿਅਕਤੀ 7 ਸਾਲ ਤੱਕ ਲਾਪਤਾ ਰਹਿੰਦਾ ਹੈ ਤਾਂ ਉਸ ਨੂੰ ਮ੍ਰਿਤਕ ਮੰਨਿਆ ਜਾਂਦਾ ਹੈ। ਟ੍ਰਿਬਿਊਨਲ ਨੇ ਫ਼ੌਜੀ ਨੂੰ ਭਗੌੜਾ ਐਲਾਨਣ ਅਤੇ ਬਰਖ਼ਾਸਤ ਕਰਨ ਦੇ ਪੁਰਾਣੇ ਹੁਕਮਾਂ ਨੂੰ ਗ਼ੈਰ-ਕਾਨੂੰਨੀ ਦੱਸਦਿਆਂ ਰੱਦ ਕਰ ਦਿੱਤਾ।



Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
*Journalism With Guts to Tell It Like It Is!*
apna punjab media
Founder & Chief Editor : Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com





# NATIONAL SUPPLIES CORP.

N·S·C "We Serve To Build Better"

Routine Ma900 S COLUMBUS AVE MOUNT VERNON NY 10550intenance

## YOUR ONE STEP FOR

## SCAFFOLDING, SIDEWALK BRIDGE & BUILDING MATERIAL

ਨਿਊਯਾਰਕ ਟ੍ਰਾਈਸਟੇਟ ਇਲਾਕੇ ਵਿੱਚ ਕੰਸਟ੍ਰਕਸ਼ਨ ਵਾਲੇ ਵੀਰਾਂ ਦਾ ਆਪਣਾ ਸਭ ਤੋਂ ਵੱਡਾ ਇੱਕੋ-ਇੱਕ ਸਟੋਰ ਜਿੱਥੇ ਹਰ ਤਰ੍ਹਾਂ ਦਾ ਬਿਲਡਿੰਗ ਅਤੇ ਸਕੈਫੋਲਡਿੰਗ ਦਾ ਸਮਾਨ ਇੱਕ ਹੀ ਥਾਂ ਤੋਂ ਮਿਲ ਜਾਂਦਾ ਹੈ ।

## OUR PRODUCTS & SERVICES

- Shingles
- All kind of Insulations
- Siding (All Color)
- Soffit
- Sheetrock
- Firestone Roof
- Compound
- Stud & Track
- Plywood
- Lumber
- SPEC Mix
- Sand & Gravel
- Thorocoat
- Oil Based Paint
- Granite and Tiles
- Limestone
- Cement Stone
- Window Sill
- All Kind of Pavers
- All Kind of Bricks
- Banister Handrail
- and Granite
- Veneer Wall Stone









**Mon to Fri: 7:00 am to 4:30 pm | Sat: 7:00 am to 2:00 pm Sunday: Closed**

**Store: 1 914 699 2170 | Cell: 1 917 544 3507**

www.nationalsuppliescorp.com sales@nationalsuppliesnyc.com

 Copyright: Apna Punjab Media 2025-26 

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
Founder & Chief Editor : Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE : NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com



# ਯਾਤਰੀ ਹੱਕਾਂ ਦੀ ਉਲੰਘਣਾ 'ਤੇ ਏਅਰਲਾਈਨਾਂ 'ਤੇ ਹੋਵੇਗੀ ਸਖ਼ਤ ਕਾਰਵਾਈ, ਇੱਕ ਮਿਲੀਅਨ ਡਾਲਰ ਤੱਕ ਹੋ ਸਕਦੈ ਜੁਰਮਾਨਾ

**ਓਟਵਾ : ਆਪਣਾ ਪੰਜਾਬ ਮੀਡੀਆ :** ਫ਼ੈਡਰਲ ਸਰਕਾਰ ਨੇ ਯਾਤਰੀਆਂ ਦੇ ਹੱਕਾਂ ਦੀ ਰੱਖਿਆ ਲਈ ਵੱਡਾ ਕਦਮ ਚੁੱਕਦਿਆਂ ਐਲਾਨ ਕੀਤਾ ਹੈ ਕਿ ਜਿਹੜੀਆਂ ਏਅਰਲਾਈਨਾਂ ਵਾਰ-ਵਾਰ ਨਿਯਮਾਂ ਦੀ ਉਲੰਘਣਾ ਕਰਦੀਆਂ ਹਨ, ਉਨ੍ਹਾਂ 'ਤੇ ਲੱਗਣ ਵਾਲਾ ਵੱਧ ਤੋਂ ਵੱਧ ਜੁਰਮਾਨਾ ਹੁਣ 250,000 ਡਾਲਰ ਤੋਂ ਵਧਾ ਕੇ 1 ਮਿਲੀਅਨ ਡਾਲਰ ਕੀਤਾ ਜਾਵੇਗਾ।




ਟਰਾਂਸਪੋਰਟ ਮੰਤਰੀ Steven MacKinnon ਨੇ ਇਹ ਐਲਾਨ ਕਰਦਿਆਂ ਕਿਹਾ ਕਿ ਜੁਰਮਾਨੇ ਆਖਰੀ ਹਥਿਆਰ ਵਜੋਂ ਵਰਤੇ ਜਾਣੇ ਚਾਹੀਦੇ ਹਨ, ਖ਼ਾਸ ਕਰਕੇ ਜਦੋਂ ਨਿਯਮਾਂ ਦੀ ਸਪੱਸ਼ਟ ਤੌਰ 'ਤੇ ਉਲੰਘਣਾ ਹੋਵੇ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਜੁਰਮਾਨਾ ਐਨਾ ਵੱਡਾ ਹੋਣਾ ਚਾਹੀਦਾ ਹੈ ਕਿ ਦੁਬਾਰਾ ਉਲੰਘਣਾ ਕਰਨ ਤੋਂ ਰੋਕ ਸਕੇ। ਮੰਤਰੀ ਨੇ ਇਹ ਵੀ ਭਰੋਸਾ ਜਤਾਇਆ ਕਿ ਏਅਰਲਾਈਨਾਂ ਨਵੇਂ ਨਿਯਮਾਂ ਦੀ ਪਾਲਣਾ ਕਰਨ ਲਈ ਗੰਭੀਰ ਕੋਸ਼ਿਸ਼ ਕਰਨਗੀਆਂ। ਇਹ ਨਿਯਮ, ਜੋ Air Passenger Protection Regulations (APPR) ਦੇ ਨਾਮ ਨਾਲ ਜਾਣੇ ਜਾਂਦੇ ਹਨ, 2019 ਵਿੱਚ ਲਾਗੂ ਹੋਏ ਸਨ। ਇਨ੍ਹਾਂ ਅਨੁਸਾਰ ਜੇਕਰ ਫਲਾਈਟ ਵਿੱਚ ਦੇਰੀ ਜਾਂ ਰੱਦ ਏਅਰਲਾਈਨ ਦੇ ਕੰਟਰੋਲ ਹੇਠ ਆਉਂਦੀ ਹੈ, ਤਾਂ ਯਾਤਰੀਆਂ ਨੂੰ ਮੁਆਵਜ਼ਾ ਦੇਣਾ ਲਾਜ਼ਮੀ ਹੁੰਦਾ ਹੈ। ਪਹਿਲਾਂ ਇਹ ਵੱਧ ਤੋਂ ਵੱਧ ਜੁਰਮਾਨਾ ਸਿਰਫ 25,000 ਡਾਲਰ ਸੀ, ਜਿਸਨੂੰ 2023 ਦੇ ਬਜਟ ਵਿੱਚ ਵਧਾ ਕੇ 250,000 ਡਾਲਰ ਕੀਤਾ ਗਿਆ ਸੀ ਅਤੇ ਹੁਣ ਇਸਨੂੰ ਹੋਰ ਵਧਾ ਦਿੱਤਾ ਗਿਆ ਹੈ।

Canadian Automobile Association ਦੇ ਬੁਲਾਰੇ ਇਐਨ ਜੈਕ ਨੇ ਚਿਤਾਵਨੀ ਦਿੱਤੀ ਕਿ ਜੇ ਇਹ ਜੁਰਮਾਨੇ ਅਸਲ ਵਿੱਚ ਲਾਗੂ ਨਾ ਕੀਤੇ ਗਏ ਤਾਂ ਇਹ ਸਿਰਫ਼ ਖੋਖਲੇ ਐਲਾਨ ਹੀ ਰਹਿ ਜਾਣਗੇ। ਉਨ੍ਹਾਂ ਦੇ ਮੁਤਾਬਕ ਸਰਕਾਰ ਹੁਣ ਤੱਕ ਜੁਰਮਾਨੇ ਲਗਾਉਣ ਵਿੱਚ ਹਿਚਕਚਾਹਟ ਦਿਖਾਂਦੀ ਰਹੀ ਹੈ, ਜਦਕਿ ਕੁਝ ਮਾਮਲਿਆਂ ਵਿੱਚ ਸਖਤ ਕਾਰਵਾਈ ਲਾਜ਼ਮੀ ਹੈ।

ਇਸ ਵੇਲੇ Canadian Transportation Agency ਕੋਲ ਯਾਤਰੀਆਂ ਦੀਆਂ ਸ਼ਿਕਾਇਤਾਂ ਦਾ ਵੱਡਾ ਬੈਕਲਾਗ ਇਕੱਠਾ ਹੋ ਚੁੱਕਾ ਹੈ। ਪਿਛਲੇ ਮਹੀਨੇ ਦੇ ਅੰਕੜਿਆਂ ਮੁਤਾਬਕ ਲਗਭਗ 95,000 ਸ਼ਿਕਾਇਤਾਂ ਬਕਾਇਆ ਹਨ। ਸਰਕਾਰ ਨੇ ਆਪਣੀ ਹਾਲੀਆ ਸਪਰਿੰਗ ਆਰਥਿਕ ਅੱਪਡੇਟ ਵਿੱਚ ਇਹ ਵੀ ਦੱਸਿਆ ਹੈ ਕਿ ਸ਼ਿਕਾਇਤਾਂ ਦੇ ਨਿਪਟਾਰੇ ਨੂੰ ਤੇਜ਼ ਕਰਨ ਲਈ ਇੱਕ ਨਿਰਪੱਖ ਤੀਜੀ ਧਿਰ ਨੂੰ ਸ਼ਾਮਲ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ, ਜਿਵੇਂ ਕਿ ਯੂਕੇ ਅਤੇ ਯੂਰਪੀ ਯੂਨੀਅਨ ਵਿੱਚ ਪ੍ਰਚਲਿਤ ਪ੍ਰਣਾਲੀ ਹੈ।



# ਮਾਂਟਰੀਅਲ ਵਿੱਚ ਦਿਨ ਦਿਹਾੜੇ ਨਕਾਬਪੋਸ਼ਾਂ ਨੇ ਲੁੱਟੀ ਬੇਕਰੀ

**ਮਾਂਟਰੀਅਲ:ਆਪਣਾਪੰਜਾਬ ਮੀਡੀਆ :** ਮਾਂਟਰੀਅਲ ਵਿੱਚ ਸਥਿਤ ਮਸ਼ਹੂਰ ਬੇਕਰੀ ਮੈਮੀ ਕਲਾਫੂਈਟਿਸ ਵਿੱਚ ਦਿਨ ਦਿਹਾੜੇ ਮਾਸਕ ਪਾ ਕੇ ਕਰੀਬ ਦਰਜਨ ਭਰ ਲੋਕ ਅਚਾਨਕ ਦੁਕਾਨ ਵਿੱਚ ਦਾਖ਼ਲ ਹੋ ਗਏ ਅਤੇ ਸ਼ੈਲਫ਼ਾਂ ਤੋਂ ਸਮਾਨ ਆਪਣੇ ਬੈਗਾਂ ਵਿੱਚ ਭਰ ਕੇ ਬਿਨਾਂ ਪੈਸੇ ਦਿੱਤੇ ਫਰਾਰ ਹੋ ਗਏ।ਘਟਨਾ ਸਵੇਰੇ ਲਗਭਗ 8:30 ਵਜੇ ਦੀ ਦੱਸੀ ਜਾ ਰਹੀ ਹੈ। ਇਸ ਦੌਰਾਨ ਗਰੁੱਪ ਦੇ ਮੈਂਬਰ "ਸਭ ਕੁਝ ਮੁਫ਼ਤ ਹੈ" ਅਤੇ "ਅਨਾਰਕੀ ਜ਼ਿੰਦਾਬਾਦ" ਵਰਗੇ ਨਾਰੇ ਲਗਾ ਰਹੇ ਸਨ। ਜਾਣਕਾਰੀ ਅਨੁਸਾਰ, ਉਹਨਾਂ ਨੇ ਦੁਕਾਨ ਦੇ ਸ਼ੀਸ਼ਿਆਂ 'ਤੇ "ਫਰੀ ਬਰੈੱਡ" ਅਤੇ ਅੰਦਰ "ਕੈਪੀਟਲਿਸਟ ਸਟੋਰ " ਵੀ ਲਿਖ ਦਿੱਤਾ। ਬੇਕਰੀ ਦੇ ਮਾਲਕ ਜੋਸਫ਼ ਸਾਬਾਤੀਏ ਨੇ ਇਸ ਘਟਨਾ 'ਤੇ ਹੈਰਾਨੀ ਜ਼ਾਹਿਰ ਕਰਦਿਆਂ ਕਿਹਾ ਕਿ ਇਹ ਸਿੱਧੀ ਚੋਰੀ ਹੈ, ਜਿਸ ਨਾਲ ਕਰਮਚਾਰੀਆਂ ਅਤੇ ਸਥਾਨਕ ਸਪਲਾਇਰਾਂ ਨੂੰ ਨੁਕਸਾਨ ਪੈਂਦਾ ਹੈ। ਪੁਲਿਸ ਮੁਤਾਬਕ, ਇਸ ਦੌਰਾਨ ਕੋਈ ਹਿੰਸਾ ਨਹੀਂ ਹੋਈ, ਪਰ ਲੱਗਭਗ 1000 ਡਾਲਰ ਦੇ ਸਮਾਨ ਦੀ ਚੋਰੀ ਹੋਈ ਹੈ। ਅਜੇ ਤੱਕ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਹੋਈ ਅਤੇ ਮਾਮਲੇ ਦੀ ਜਾਂਚ ਜਾਰੀ ਹੈ। ਇੱਕ ਅਣਪਛਾਤਾ ਗਰੁੱਪ ਆਨਲਾਈਨ ਇਸ ਘਟਨਾ ਦੀ ਜ਼ਿੰਮੇਵਾਰੀ ਲੈਂਦਾ ਹੋਇਆ ਇਸ ਨੂੰ ਰਾਜਨੀਤਿਕ ਕਦਮ ਕਰਾਰ ਦੇ ਰਿਹਾ ਹੈ, ਪਰ ਅਧਿਕਾਰੀਆਂ ਨੇ ਇਸ ਨੂੰ ਸਾਫ਼ ਤੌਰ 'ਤੇ ਅਪਰਾਧ ਦੱਸਿਆ ਹੈ।

## NAME CHANGE

I, Salinder, son of Ishwar, residing at V.P.O. Pabnawa, Tehsil Dhand, District Kaithal, PIN 136020, Haryana, India, currently residing at 7222 Pepperwood knoll lane, Apt-58, Sacramento, CA 95842, hereby declare that I am changing my name from Salinder to Salinder Singh, effective immediately. All concerned parties are requested to take note of this name change. Sworn and subscribed on this 20th day of April 2026.

# ਟੋਰਾਂਟੋ ਅਤੇ ਮਿਸੀਸਾਗਾ ਦੇ ਗੋਦਾਮਾਂ ਨੂੰ ਲੱਗੀ ਅੱਗ ਵਿਚਾਲੇ ਸੰਭਾਵਤ ਲਿੰਕ ਦੀ ਜਾਂਚ ਕਰ ਰਹੀ ਹੈ ਪੁਲਿਸ



**ਟੋਰਾਂਟੋ:ਆਪਣਾ ਪੰਜਾਬ ਮੀਡੀਆ:** ਟੋਰਾਂਟੋ ਅਤੇ ਮਿਸੀਸਾਗਾ ਵਿੱਚ ਐਤਵਾਰ ਸਵੇਰੇ ਦੋ ਵੱਖ-ਵੱਖ ਗੋਦਾਮਾਂ ਵਿੱਚ ਲੱਗੀ ਅੱਗ ਨੂੰ ਲੈ ਕੇ ਪੁਲਿਸ ਜਾਂਚ ਕਰ ਰਹੀ ਹੈ ਅਤੇ ਦੋਹਾਂ ਘਟਨਾਵਾਂ ਵਿਚਕਾਰ ਸੰਭਾਵਤ ਸਬੰਧ ਦੀ ਪੜਤਾਲ ਕੀਤੀ ਜਾ ਰਹੀ ਹੈ। ਪਹਿਲੀ ਘਟਨਾ ਰਾਤ ਕਰੀਬ 12:51 ਵਜੇ ਮਿਸੀਸਾਗਾ ਦੇ ਸਾਊਥ ਸ਼ੇਰਿਡਨ ਵੇ ਅਤੇ ਵਿੰਸਟਨ ਚਰਚਿਲ ਬੁਲੇਵਾਰਡ ਨੇੜੇ ਇਕ ਖਾਲੀ ਇਮਾਰਤ ਵਿੱਚ ਵਾਪਰੀ। ਪੀਲ ਰੀਜਨਲ ਪੁਲਿਸ ਮੁਤਾਬਕ, ਮੌਕੇ 'ਤੇ ਪਹੁੰਚਣ ਤੱਕ ਇਮਾਰਤ ਅੱਗ ਦੀ ਲਪੇਟ ਵਿੱਚ ਸੀ। ਇਸ ਮਾਮਲੇ ਨੂੰ ਸ਼ੱਕੀ ਮੰਨਿਆ ਜਾ ਰਿਹਾ ਹੈ ਅਤੇ ਫਾਇਰ ਡਿਪਾਰਟਮੈਂਟ ਨਾਲ ਮਿਲ ਕੇ ਜਾਂਚ ਜਾਰੀ ਹੈ। ਕਿਸੇ ਦੇ ਜ਼ਖਮੀ ਹੋਣ ਦੀ ਖ਼ਬਰ ਨਹੀਂ ਹੈ। ਇਸ ਤੋਂ ਥੋੜ੍ਹੀ ਦੇਰ ਬਾਅਦ, ਕਰੀਬ 1:24 ਵਜੇ, ਟੋਰਾਂਟੋ ਦੇ ਨੌਰਥ ਯੌਰਕ ਇਲਾਕੇ ਵਿੱਚ ਸਟੀਲਜ਼ ਐਵੇਨਿਊ ਵੈਸਟ ਅਤੇ ਨੋਰਫਿੰਚ ਡਰਾਈਵ ਨੇੜੇ ਇਕ ਹੋਰ ਗੋਦਾਮ ਵਿੱਚ ਅੱਗ ਲੱਗਣ ਦੀ ਘਟਨਾ ਸਾਹਮਣੇ ਆਈ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਮੌਕੇ 'ਤੇ ਪਹੁੰਚਣ ਵੇਲੇ ਗੋਦਾਮ ਪੂਰੀ ਤਰ੍ਹਾਂ ਅੱਗ ਨਾਲ ਘਿਰਿਆ ਹੋਇਆ ਸੀ।

ਪੁਲਿਸ ਅਨੁਸਾਰ, ਦੋਹਾਂ ਘਟਨਾਵਾਂ ਵਿੱਚ ਕਿਸੇ ਦੇ ਜ਼ਖਮੀ ਹੋਣ ਦੀ ਰਿਪੋਰਟ ਨਹੀਂ ਹੈ। ਅੱਗ ਦੇ ਕਾਰਨਾਂ ਦੀ ਅਜੇ ਪੁਸ਼ਟੀ ਨਹੀਂ ਹੋਈ, ਪਰ ਜੇਕਰ ਇਹ ਅੱਗਜ਼ਨੀ ਸਾਬਤ ਹੁੰਦੀ ਹੈ ਤਾਂ ਦੋਹਾਂ ਘਟਨਾਵਾਂ ਦੇ ਆਪਸੀ ਸਬੰਧ ਦੀ ਜਾਂਚ ਕੀਤੀ ਜਾਵੇਗੀ।



Read USA/CANADA International Daily Edition Copyright: Apna Punjab Media 2025-26 Graphic & Design: Apna Punjab Media Team

Founder & Chief Editor : Gurmit Singh
1 516 989 8001 | 1 631 835 8000

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media

COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH

Follow Us On /apnapunjabmedia
www.apnapunjabmedia.com newsroom@apnapunjabmedia.com
19 VOL XVIII, ISSUE 1914 | TUESDAY MAY 05, 2026
NEW YORK





Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Founder & Chief Editor : Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE : NEWYORK - CHANDIGARH
Google apna punjab media
Follow Us On /apnapunjabmedia
www.apnapunjabmedia.com newsroom@apnapunjabmedia.com



# ਕੇਂਦਰੀ ਬਲਾਂ ਦੀ ਤਾਇਨਾਤੀ ਵਾਲੀ ਪਟੀਸ਼ਨ 'ਤੇ ਤੁਰੰਤ ਸੁਣਵਾਈ ਤੋਂ ਇਨਕਾਰ



- Supreme Court ਨੇ ਕਿਹਾ-ਮਾਮਲੇ 'ਚ ਤੁਰੰਤ ਦਖ਼ਲ ਦੀ ਲੋੜ ਨਹੀਂ
- ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਪਹਿਲਾਂ ਹੀ ਵੱਡੀ ਗਿਣਤੀ ਜਵਾਨ ਤਾਇਨਾਤ

**ਨਵੀਂ ਦਿੱਲੀ : ਆਪਣਾ ਪੰਜਾਬ ਮੀਡੀਆ :** ਸੁਪਰੀਮ ਕੋਰਟ ਨੇ ਸੋਮਵਾਰ ਨੂੰ ਪੱਛਮੀ ਬੰਗਾਲ ਵਿੱਚ ਚੋਣਾਂ ਤੋਂ ਬਾਅਦ ਹੋਣ ਵਾਲੀ ਸੰਭਾਵਿਤ ਹਿੰਸਾ ਨੂੰ ਰੋਕਣ ਲਈ ਕੇਂਦਰੀ ਹਥਿਆਰਬੰਦ ਪੁਲੀਸ ਬਲਾਂ (CAPF) ਦੀ ਤਾਇਨਾਤੀ ਜਾਰੀ ਰੱਖਣ ਦੀ ਮੰਗ ਵਾਲੀ ਪਟੀਸ਼ਨ 'ਤੇ ਤੁਰੰਤ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਅਦਾਲਤ ਨੇ ਸਪੱਸ਼ਟ ਕੀਤਾ ਕਿ ਇਸ ਮਾਮਲੇ ਵਿੱਚ ਫਿਲਹਾਲ ਕੋਈ ਐਮਰਜੈਂਸੀ ਵਾਲੀ ਸਥਿਤੀ ਨਹੀਂ ਹੈ ਜਿਸ ਲਈ ਤੁਰੰਤ ਸੁਣਵਾਈ ਦੀ ਲੋੜ ਹੋਵੇ।

ਪਟੀਸ਼ਨ ਵਿੱਚ ਮੰਗ ਕੀਤੀ ਗਈ ਸੀ ਕਿ ਪੱਛਮੀ ਬੰਗਾਲ ਵਿੱਚ 2021 ਦੀਆਂ ਚੋਣਾਂ ਤੋਂ ਬਾਅਦ ਹੋਈ ਭਿਆਨਕ ਹਿੰਸਾ ਵਰਗੀ ਸਥਿਤੀ ਦੁਬਾਰਾ ਨਾ ਬਣੇ, ਇਸ ਲਈ ਵੋਟਾਂ ਦੀ ਗਿਣਤੀ ਤੋਂ ਬਾਅਦ ਵੀ ਕੇਂਦਰੀ ਬਲਾਂ ਨੂੰ ਸੂਬੇ ਵਿੱਚ ਹੀ ਤਾਇਨਾਤ ਰੱਖਿਆ ਜਾਵੇ। ਪਟੀਸ਼ਨਰ ਨੇ ਇੱਕ ਉੱਚ ਪੱਧਰੀ ਕਮੇਟੀ ਬਣਾਉਣ ਦੀ ਵੀ ਮੰਗ ਕੀਤੀ ਸੀ ਜੋ ਸੂਬੇ ਵਿੱਚ ਕਾਨੂੰਨ ਵਿਵਸਥਾ ਦੀ ਨਿਗਰਾਨੀ ਕਰ ਸਕੇ।ਇਤਫ਼ਾਕਨ ਨਹੀਂ, ਸਗੋਂ ਸੋਚੇ-ਸਮਝੇ ਅਤੇ ਯੋਜਨਾਬੱਧ ਤਰੀਕੇ ਨਾਲ ਕੀਤੇ ਜਾ ਰਹੇ ਹਨ। ਉਨ੍ਹਾਂ ਗਾਜ਼ਾ ਵਿੱਚ ਪੱਤਰਕਾਰਾਂ ਦੇ ਮਿੱਥ ਕੇ ਕੀਤੇ ਗਏ ਕਤਲਾਂ ਦਾ ਹਵਾਲਾ ਦਿੰਦਿਆਂ ਕਿਹਾ, "ਇਹ ਸੱਚਾਈ ਨੂੰ ਰੋਕਣ ਦੀ ਇੱਕ ਯੋਜਨਾਬੱਧ ਕੋਸ਼ਿਸ਼ ਹੈ।" ਉਨ੍ਹਾਂ ਪੱਤਰਕਾਰਾਂ ਦੀ ਸੁਰੱਖਿਆ ਲਈ ਸਖ਼ਤ ਕੌਮਾਂਤਰੀ ਕਾਨੂੰਨ ਬਣਾਉਣ ਦੀ ਮੰਗ ਕੀਤੀ। ਐਡੀਟਰਜ਼ ਗਿਲਡ ਆਫ਼ ਇੰਡੀਆ ਦੇ ਜਨਰਲ ਸਕੱਤਰ ਰਾਘਵਨ ਸ੍ਰੀਨਿਵਾਸਨ ਨੇ ਮੀਡੀਆ ਸਨਅਤ ਦੀ ਢਾਂਚਾਗਤ ਨਾਕਾਮੀ ਵੱਲ ਇਸ਼ਾਰਾ ਕੀਤਾ। ਉਨ੍ਹਾਂ ਕਿਹਾ ਕਿ ਮਾਲਕਾਂ ਦਾ ਪੱਖਪਾਤੀ ਅਤੇ ਸੰਪਾਦਕੀ ਦਬਾਅ ਹੁਣ ਆਮ ਹੋ ਗਿਆ ਹੈ।

# Ludhiana Power Cut: ਬਿਜਲੀ ਸਪਲਾਈ 'ਤੇ ਕੁਦਰਤ ਅਤੇ ਹੜਤਾਲ ਦੀ ਮਾਰ



- ਕਈ ਇਲਾਕਿਆਂ 'ਚ ਨਹੀਂ ਆਈ ਬਿਜਲੀ
- ਤੂਫ਼ਾਨ ਕਾਰਨ 40 ਫੀਡਰ ਨੁਕਸਾਨੇ
- ਬਿਜਲੀ ਮੁਲਾਜ਼ਮਾਂ ਦੀ ਹੜਤਾਲ ਨੇ ਮੁਰੰਮਤ ਦੇ ਕੰਮ 'ਚ ਅੜਿੱਕਾ ਡਾਹਿਆ

**ਲੁਧਿਆਣਾ : ਆਪਣਾ ਪੰਜਾਬ ਮੀਡੀਆ :** ਲੁਧਿਆਣਾ ਵਿੱਚ ਐਤਵਾਰ ਨੂੰ ਆਏ ਭਾਰੀ ਮੀਂਹ ਅਤੇ ਤੇਜ਼ ਤੂਫ਼ਾਨ ਤੋਂ ਇੱਕ ਦਿਨ ਬਾਅਦ ਵੀ ਸ਼ਹਿਰ ਦੇ ਵੱਡੇ ਹਿੱਸੇ ਵਿੱਚ ਬਿਜਲੀ ਸਪਲਾਈ ਬਹਾਲ ਨਹੀਂ ਹੋ ਸਕੀ ਹੈ।

ਤੂਫ਼ਾਨ ਨੇ ਬਿਜਲੀ ਦੇ ਬੁਨਿਆਦੀ ਢਾਂਚੇ ਨੂੰ ਇੰਨਾ ਨੁਕਸਾਨ ਪਹੁੰਚਾਇਆ ਹੈ ਕਿ ਸੋਮਵਾਰ ਦੁਪਹਿਰ ਤੱਕ ਵੀ ਬਹੁਤ ਸਾਰੇ ਇਲਾਕੇ ਬਿਜਲੀ ਤੋਂ ਸੱਖਣੇ ਹਨ। ਬਿਜਲੀ ਨਾ ਹੋਣ ਕਾਰਨ ਗਰਮੀ ਦੇ ਇਸ ਮੌਸਮ ਵਿੱਚ ਲੋਕਾਂ ਦਾ ਜਿਊਣਾ ਮੁਹਾਲ ਹੋ ਗਿਆ ਹੈ ਅਤੇ ਰੋਜ਼ਾਨਾ ਦੇ ਕੰਮਕਾਜ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੇ ਹਨ। ਸ਼ਹਿਰ ਦੇ ਪੌਸ਼ ਇਲਾਕਿਆਂ ਬੀ.ਆਰ.ਐਸ. ਨਗਰ (BRS Nagar), ਗੁਰਦੇਵ ਨਗਰ, ਰਾਜਗੁਰੂ ਨਗਰ ਅਤੇ ਫਿਰੋਜ਼ਪੁਰ ਰੋਡ 'ਤੇ ਸਥਿਤ ਕਲੋਨੀਆਂ ਵਿੱਚ ਹਾਲਾਤ ਸਭ ਤੋਂ ਵੱਧ ਖਰਾਬ ਹਨ।

# ਪ੍ਰੈੱਸ ਦੀ ਆਜ਼ਾਦੀ ਸਬੰਧੀ ਪੱਤਰਕਾਰਾਂ ਨੇ ਚਿੰਤਾ ਜਤਾਈ

## ਪੱਤਰਕਾਰਾਂ 'ਤੇ ਵਧਦੇ ਹਮਲੇ ਅਤੇ ਡਿੱਗਦਾ ਰੈਂਕ ਚਿੰਤਾ ਦਾ ਵਿਸ਼ਾ ਕਰਾਰ



**ਨਵੀਂ ਦਿੱਲੀ : ਆਪਣਾ ਪੰਜਾਬ ਮੀਡੀਆ :** ਆਲਮੀ ਪ੍ਰੈੱਸ ਆਜ਼ਾਦੀ ਦਿਹਾੜੇ ਮੌਕੇ ਇੰਡੀਅਨ ਵਿਮੈਨਜ਼ ਪ੍ਰੈੱਸ ਕੋਰ ਵੱਲੋਂ ਕਰਵਾਈ ਗਈ ਵਿਸ਼ੇਸ਼ ਚਰਚਾ ਵਿੱਚ ਦੇਸ਼ ਦੇ ਨਾਮੀ ਪੱਤਰਕਾਰਾਂ ਅਤੇ ਵੱਖ-ਵੱਖ ਮੀਡੀਆ ਸੰਗਠਨਾਂ ਦੇ ਮੁਖੀਆਂ ਨੇ ਪੱਤਰਕਾਰੀ ਦੀ ਮੌਜੂਦਾ ਸਥਿਤੀ ਅਤੇ ਪ੍ਰੈੱਸ ਦੀ ਨਿਰਪੱਖਤਾ 'ਤੇ ਗੰਭੀਰ ਚਿੰਤਾ ਪ੍ਰਗਟਾਈ ਹੈ। ਇਸ ਚਰਚਾ ਦਾ ਵਿਸ਼ਾ 'ਆਲਮੀ ਉਥਲ-ਪੁਥਲ ਦਰਮਿਆਨ ਪ੍ਰੈੱਸ ਦੀ ਆਜ਼ਾਦੀ ਦੀ ਰਾਖੀ' ਰੱਖਿਆ ਗਿਆ ਸੀ। ਇਸ ਮੌਕੇ ਪ੍ਰੈੱਸ ਐਸੋਸੀਏਸ਼ਨ ਦੇ ਪ੍ਰਧਾਨ ਸੀ ਕੇ ਨਾਇਕ, ਐਡੀਟਰਜ਼ ਗਿਲਡ ਆਫ਼ ਇੰਡੀਆ ਦੇ ਜਨਰਲ ਸਕੱਤਰ ਰਾਘਵਨ ਸ੍ਰੀਨਿਵਾਸਨ ਅਤੇ ਫੌਰੇਨ ਕੋਰੈਸਪੌਂਡੈਂਟਸ ਕਲੱਬ ਆਫ਼ ਸਾਊਥ ਏਸ਼ੀਆ ਦੇ ਪ੍ਰਧਾਨ ਵਾਇਲ ਅਵਾਦ ਨੇ ਵੀ ਚਰਚਾ 'ਚ ਹਿੱਸਾ ਲਿਆ।

ਇਹ ਪ੍ਰੋਗਰਾਮ 'ਰਿਪੋਰਟਰਜ਼ ਵਿਦਾਊਟ ਬਾਰਡਰਜ਼' ਦੀ ਹਾਲੀਆ ਰਿਪੋਰਟ ਦੇ ਪਿਛੋਕੜ ਵਿੱਚ ਹੋਇਆ, ਜਿਸ ਅਨੁਸਾਰ 2026 ਦੇ ਵਿਸ਼ਵ ਪ੍ਰੈੱਸ ਫ੍ਰੀਡਮ ਇੰਡੈਕਸ ਵਿੱਚ ਭਾਰਤ 180 ਦੇਸ਼ਾਂ ਵਿੱਚੋਂ 157ਵੇਂ ਸਥਾਨ 'ਤੇ ਖਿਸਕ ਗਿਆ ਹੈ। ਪਿਛਲੇ ਸਾਲ ਦੇ ਮੁਕਾਬਲੇ ਭਾਰਤ ਦੇ ਰੈਂਕ ਵਿੱਚ ਛੇ ਅੰਕਾਂ ਦੀ ਗਿਰਾਵਟ ਦਰਜ ਕੀਤੀ ਗਈ ਹੈ। ਕੌਮਾਂਤਰੀ ਐਸੋਸੀਏਸ਼ਨ ਆਫ਼ ਪ੍ਰੈੱਸ ਕਲੱਬਜ਼ ਦੇ ਪ੍ਰਧਾਨ ਅਵਾਦ ਨੇ ਚਿਤਾਵਨੀ ਦਿੱਤੀ ਕਿ ਪੱਤਰਕਾਰਾਂ 'ਤੇ ਹਮਲੇ ਹੁਣ ਇਤਫ਼ਾਕਨ ਨਹੀਂ, ਸਗੋਂ ਸੋਚੇ-ਸਮਝੇ ਅਤੇ ਯੋਜਨਾਬੱਧ ਤਰੀਕੇ ਨਾਲ ਕੀਤੇ ਜਾ ਰਹੇ ਹਨ। ਉਨ੍ਹਾਂ ਗਾਜ਼ਾ ਵਿੱਚ ਪੱਤਰਕਾਰਾਂ ਦੇ ਮਿੱਥ ਕੇ ਕੀਤੇ ਗਏ ਕਤਲਾਂ ਦਾ ਹਵਾਲਾ ਦਿੰਦਿਆਂ ਕਿਹਾ, "ਇਹ ਸੱਚਾਈ ਨੂੰ ਰੋਕਣ ਦੀ ਇੱਕ ਯੋਜਨਾਬੱਧ ਕੋਸ਼ਿਸ਼ ਹੈ।" ਉਨ੍ਹਾਂ ਪੱਤਰਕਾਰਾਂ ਦੀ ਸੁਰੱਖਿਆ ਲਈ ਸਖ਼ਤ ਕੌਮਾਂਤਰੀ ਕਾਨੂੰਨ ਬਣਾਉਣ ਦੀ ਮੰਗ ਕੀਤੀ।

# Dubai Aviation Update: ਦੁਬਈ ਹਵਾਈ ਅੱਡੇ 'ਤੇ ਉਡਾਣਾਂ ਨੇ ਰਫਤਾਰ ਫੜੀ

## ਯੂ.ਏ.ਈ. ਦਾ ਹਵਾਈ ਖੇਤਰ ਪੂਰੀ ਤਰ੍ਹਾਂ ਖੁੱਲ੍ਹਿਆ

### ਇਰਾਨ ਜੰਗ ਦਰਮਿਆਨ ਦੁਬਈ ਵਿਚੋਂ 60 ਲੱਖ ਯਾਤਰੀਆਂ ਨੇ ਸਫਰ ਕੀਤਾ

ਦੁਬਈ : ਆਪਣਾ ਪੰਜਾਬ ਮੀਡੀਆ : ਦੁਬਈ ਏਅਰਪੋਰਟਸ ਦੇ ਸੀ.ਈ.ਓ. (CEO) ਪਾਲ ਗ੍ਰਿਫਿਥਸ ਨੇ ਅੱਜ ਦੱਸਿਆ ਹੈ ਕਿ ਸੰਯੁਕਤ ਅਰਬ ਅਮੀਰਾਤ (UAE) ਦਾ ਹਵਾਈ ਖੇਤਰ ਹੁਣ ਪੂਰੀ ਤਰ੍ਹਾਂ ਸੁਰੱਖਿਅਤ ਹੈ। ਇਸ ਦੇ ਨਾਲ ਹੀ ਦੁਬਈ ਇੰਟਰਨੈਸ਼ਨਲ ਅਤੇ ਅਲ ਮਕਤੂਮ ਇੰਟਰਨੈਸ਼ਨਲ ਹਵਾਈ ਅੱਡਿਆਂ 'ਤੇ ਉਡਾਣਾਂ ਦਾ ਸੰਚਾਲਨ ਤੇਜ਼ੀ ਨਾਲ ਵਧਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹੁਣ ਉਡਾਣਾਂ ਨੂੰ ਰੂਟ ਦੀ ਸਮਰੱਥਾ ਅਨੁਸਾਰ



ਮੁੜ ਪੁਰਾਣੀ ਸਥਿਤੀ ਵਿੱਚ ਲਿਆਂਦਾ ਜਾ ਰਿਹਾ ਹੈ।

ਪਾਲ ਗ੍ਰਿਫਿਥਸ ਨੇ ਇੱਕ ਸੋਸ਼ਲ ਮੀਡੀਆ ਪੋਸਟ ਰਾਹੀਂ ਜਾਣਕਾਰੀ ਸਾਂਝੀ ਕੀਤੀ ਕਿ 28 ਫਰਵਰੀ ਦੇ ਅੰਤ ਤੋਂ ਇਰਾਨ ਜੰਗ ਕਾਰਨ ਪੈਦਾ ਹੋਈਆਂ ਰੁਕਾਵਟਾਂ ਦੇ ਬਾਵਜੂਦ ਦੁਬਈ ਦੇ ਹਵਾਈ ਅੱਡਿਆਂ ਨੇ ਚੁਣੌਤੀਪੂਰਨ ਸਮੇਂ ਦੌਰਾਨ ਵੀ ਸ਼ਲਾਘਾਯੋਗ ਕੰਮ ਕੀਤਾ ਹੈ। ਇਸ ਦੌਰਾਨ 60 ਲੱਖ (6 ਮਿਲੀਅਨ) ਤੋਂ ਵੱਧ ਲੋਕਾਂ ਨੇ ਇੱਥੋਂ ਸਫ਼ਰ ਕੀਤਾ। ਇੱਥੇ 32,000 ਤੋਂ ਵੱਧ ਜਹਾਜ਼ਾਂ ਦੀ ਆਵਾਜਾਈ ਦਰਜ ਕੀਤੀ ਗਈ।


Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ BILINGUAL ESTD. 2005
Journalism With Guts to Tell It Like It Is!
Google apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE : NEWYORK - CHANDIGARH
Founder & Chief Editor : Gurmit Singh
1 516 989 8001 | 1 631 835 8000
Follow Us On /apnapunjabmedia
www.apnapunjabmedia.com newsroom@apnapunjabmedia.com
VOL XVIII, ISSUE 1914 | TUESDAY MAY 05, 2026
NEW YORK







Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Founder & Chief Editor: Gurmit Singh
1 516 989 8001 | 1 631 835 8000
apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE: NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com




# Bengal ਤੋਂ ਬਾਅਦ ਹੁਣ ਪੰਜਾਬ ਵਿਚ ਤਖਤਾ ਪਲਟ ਹੋਵੇਗਾ: ਰਵਨੀਤ ਬਿੱਟੂ

- ਰੇਲ ਰਾਜ ਮੰਤਰੀ ਨੇ ਕੀਤਾ ਦਾਅਵਾ
- ਪੰਜਾਬ ਦੇ ਲੋਕ ਬਦਲਾਅ ਲਈ ਤਿਆਰ
- ਭਾਜਪਾ ਦੀ ਵਿਕਾਸ ਦੀ ਰਾਜਨੀਤੀ 'ਤੇ ਭਰੋਸਾ ਜਤਾਇਆ

**ਲੁਧਿਆਣਾ : ਆਪਣਾ ਪੰਜਾਬ ਮੀਡੀਆ :** ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ (BJP) ਦੇ ਸ਼ਾਨਦਾਰ ਪ੍ਰਦਰਸ਼ਨ 'ਤੇ ਆਪਣੀ ਪਹਿਲੀ ਪ੍ਰਤੀਕਿਰਿਆ ਦਿੱਤੀ ਹੈ। ਟ੍ਰਿਬਿਊਨ ਸਮੂਹ ਨਾਲ ਫ਼ੋਨ 'ਤੇ ਗੱਲਬਾਤ ਕਰਦਿਆਂ ਬਿੱਟੂ ਨੇ ਕਿਹਾ ਕਿ ਜਿਸ ਤਰ੍ਹਾਂ ਪੱਛਮੀ ਬੰਗਾਲ ਦੇ ਲੋਕਾਂ ਨੇ ਮਾਫੀਆ, ਨਸ਼ਿਆਂ ਅਤੇ ਭ੍ਰਿਸ਼ਟਾਚਾਰ ਖਿਲਾਫ ਵੋਟ ਪਾਈ ਹੈ, ਉਸੇ ਤਰ੍ਹਾਂ ਹੁਣ ਪੰਜਾਬ ਦੀ ਵਾਰੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਵਿੱਚ ਵੀ ਜਲਦ ਹੀ 'ਤਖਤਾ ਪਲਟ' ਦੇਖਣ ਨੂੰ ਮਿਲੇਗਾ ਕਿਉਂਕਿ ਇੱਥੋਂ ਦੇ ਲੋਕ ਵੀ ਬਿਹਤਰੀ ਲਈ ਬਦਲਾਅ ਚਾਹੁੰਦੇ ਹਨ। ਬਿੱਟੂ ਨੇ ਪੰਜਾਬ ਦੀ ਮੌਜੂਦਾ ਸਥਿਤੀ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਸੂਬੇ ਦੇ ਲੋਕ ਇਸ ਵੇਲੇ ਸ਼ਾਂਤ ਹਨ ਕਿਉਂਕਿ ਉਨ੍ਹਾਂ 'ਤੇ ਕੇਸ ਦਰਜ ਕੀਤੇ ਜਾਣ ਦਾ ਡਰ ਬਣਾਇਆ ਗਿਆ ਹੈ। ਉਨ੍ਹਾਂ ਕਿਹਾ, "ਭਾਵੇਂ ਲੋਕ ਹਾਲੇ ਚੁੱਪ ਹਨ ਪਰ ਉਨ੍ਹਾਂ ਨੇ ਭਾਜਪਾ ਨੂੰ ਵੋਟ ਪਾਉਣ ਦਾ ਮਨ ਬਣਾ ਲਿਆ ਹੈ। ਵੋਟਿੰਗ ਵਾਲੇ ਦਿਨ ਪੰਜਾਬ ਵਿੱਚ ਸਿਰਫ਼ ਭਾਜਪਾ ਹੀ ਨਜ਼ਰ ਆਵੇਗੀ।" ਉਨ੍ਹਾਂ ਅਨੁਸਾਰ ਪੰਜਾਬ ਦੀ ਜਨਤਾ ਮੌਜੂਦਾ ਮੁੱਦਿਆਂ ਤੋਂ ਤੰਗ ਆ ਚੁੱਕੀ ਹੈ ਅਤੇ ਵਿਕਾਸ ਵੱਲ ਵੇਖ ਰਹੀ ਹੈ।

## ਕੇਂਦਰ ਜੰਮੂ ਕਸ਼ਮੀਰ ਦੀ ਪਛਾਣ ਖ਼ਤਮ ਕਰਨ ਦੇ ਯਤਨ 'ਚ: ਮਹਿਬੂਬਾ

### ਅਬਦੁੱਲਾ ਸਰਕਾਰ 'ਤੇ ਵੀ ਇਹੀ ਦੋਸ਼ ਲਾਇਆ



**ਸ੍ਰੀਨਗਰ : ਆਪਣਾ ਪੰਜਾਬ ਮੀਡੀਆ :** ਪੀ ਡੀ ਪੀ ਮੁਖੀ ਮਹਿਬੂਬਾ ਮੁਫ਼ਤੀ ਨੇ ਦਾਅਵਾ ਕੀਤਾ ਹੈ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਅਤੇ ਨੈਸ਼ਨਲ ਕਾਨਫਰੰਸ ਦੀ ਉਮਰ ਅਬਦੁੱਲਾ ਸਰਕਾਰ ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ ਸਥਿਤ ਇਸਲਾਮਿਕ ਅਦਾਰਿਆਂ ਤੇ ਧਾਰਮਿਕ ਚਿੰਨ੍ਹਾਂ ਨੂੰ ਨਿਸ਼ਾਨਾ ਬਣਾ ਕੇ ਜੰਮੂ ਕਸ਼ਮੀਰ ਦੀ ਵੱਖਰੀ ਪਛਾਣ ਮਿਟਾਉਣ ਦਾ ਯਤਨ ਕਰ ਰਹੀਆਂ ਹਨ। ਉਨ੍ਹਾਂ ਗੰਦਰਬਲ ਜ਼ਿਲ੍ਹੇ ਵਿੱਚ ਪਾਰਟੀ ਕਾਰਕੁਨਾਂ ਦੀ ਮੀਟਿੰਗ 'ਚ ਸ਼ਮੂਲੀਅਤ ਮਗਰੋਂ ਸੰਬੋਧਨ ਕਰਦਿਆਂ ਕਿਹਾ, "ਪਹਿਲਾਂ ਉਨ੍ਹਾਂ ਮਦੀਨਾਤੁਲ ਉਲੂਮ ਬੰਦ ਕੀਤਾ, ਜਿੱਥੇ ਵਿਦਿਆਰਥੀਆਂ ਨੂੰ ਅਰਬੀ ਭਾਸ਼ਾ ਸਿਖਾਉਣ ਤੋਂ ਇਲਾਵਾ ਧਾਰਮਿਕ ਸਿੱਖਿਆ ਦਿੱਤੀ ਜਾਂਦੀ ਸੀ।

ਹੁਣ, ਉਹ ਸਿਰਾਜੁਲ ਉਲੂਮ ਦੇ ਪਿੱਛੇ ਪੈ ਗਏ ਹਨ, ਜੋ ਧਾਰਮਿਕ ਦੇ ਨਾਲ-ਨਾਲ ਅਜੋਕੀ ਸਿੱਖਿਆ ਵੀ ਦੇ ਰਹੀ ਹੈ। ਕੇਂਦਰ ਵਿੱਚ ਭਾਜਪਾ ਅਤੇ ਇੱਥੇ ਸੂਬਾ ਸਰਕਾਰ ਕਿਸੇ ਲੁਕਵੇਂ ਏਜੰਡੇ ਤਹਿਤ ਇਨ੍ਹਾਂ ਸੰਸਥਾਵਾਂ ਨੂੰ ਬੰਦ ਕਰ ਰਹੀਆਂ ਹਨ। ਇਹ ਸਾਡੀ ਪਛਾਣ ਉੱਤੇ ਹਮਲਾ ਹੈ।"

## ਹਾਈ ਕੋਰਟ ਨੇ Trident ਕੰਪਨੀ ਅਤੇ PPCB ਦੀਆਂ ਦਲੀਲਾਂ ਸੁਣਨ ਤੋਂ ਬਾਅਦ ਫੈਸਲਾ ਰੱਖਿਆ ਰਾਖਵਾਂ

**ਚੰਡੀਗੜ੍ਹ : ਆਪਣਾ ਪੰਜਾਬ ਮੀਡੀਆ :** ਪੰਜਾਬ ਦੀ ਮਸ਼ਹੂਰ ਟ੍ਰਾਈਡੈਂਟ ਕੰਪਨੀ ਅਤੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ (PPCB) ਵਿਚਾਲੇ ਚੱਲ ਰਹੀ ਕਾਨੂੰਨੀ ਲੜਾਈ ਹੁਣ ਹਾਈ ਕੋਰਟ ਤੱਕ ਪਹੁੰਚ ਗਈ ਹੈ, ਜਿੱਥੇ ਕੰਪਨੀ ਨੇ ਬੋਰਡ ਵੱਲੋਂ ਕੀਤੀ ਜਾ ਰਹੀ ਜਾਂਚ ਨੂੰ ਸਿਆਸੀ ਬਦਲਾਖੋਰੀ ਤੋਂ ਪ੍ਰੇਰਿਤ ਦੱਸਿਆ ਹੈ। ਟ੍ਰਾਈਡੈਂਟ ਦਾ ਕਹਿਣਾ ਹੈ ਕਿ ਹੈ ਕਿ ਕੰਪਨੀ ਦੇ ਸੰਸਥਾਪਕ ਰਾਜਿੰਦਰ




ਗੁਪਤਾ ਦੀ ਸਿਆਸੀ ਸਾਂਝ ਬਦਲਣ ਕਾਰਨ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਅਤੇ ਜਾਂਚ ਦੌਰਾਨ ਨਿਯਮਾਂ ਦੀ ਸਹੀ ਪਾਲਣਾ ਨਹੀਂ ਕੀਤੀ ਗਈ, ਜਿਸ ਕਾਰਨ ਉਨ੍ਹਾਂ ਨੇ ਹੁਣ ਕੇਂਦਰੀ ਪ੍ਰਦੂਸ਼ਣ ਰੋਕਥਾਮ ਬੋਰਡ (CPCB) ਤੋਂ ਨਿਰਪੱਖ ਅਤੇ ਸਾਂਝੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

ਦੂਜੇ ਪਾਸੇ, ਪ੍ਰਦੂਸ਼ਣ ਬੋਰਡ ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰਦਿਆਂ ਇਸ ਨੂੰ ਸਿਰਫ਼ ਇੱਕ ਰੁਟੀਨ ਕਾਰਵਾਈ ਦੱਸਿਆ ਹੈ ਅਤੇ ਫਿਲਹਾਲ ਹਾਈ ਕੋਰਟ ਨੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਹੈ। ਟ੍ਰਾਈਡੈਂਟ ਨੇ ਕਿਹਾ, "ਇੱਕ ਮਹੀਨੇ ਵਿੱਚ ਕੀ ਬਦਲ ਗਿਆ?" ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਦੇ ਬੈਂਚ ਅੱਗੇ ਟ੍ਰਾਈਡੈਂਟ ਦੀ ਤਰਫ਼ੋਂ ਪੇਸ਼ ਹੁੰਦੇ ਹੋਏ ਸੀਨੀਅਰ ਐਡਵੋਕੇਟ ਮੁਨੀਸ਼ਾ ਗਾਂਧੀ ਅਤੇ ਕੌਂਸਲ ਵਿਰਾਜ ਗਾਂਧੀ ਨੇ ਦਲੀਲ ਦਿੱਤੀ ਕਿ ਇਹ ਕਾਰਵਾਈ ਵਾਤਾਵਰਣ ਦੀ ਪਾਲਣਾ ਨਾ ਕਰਨ ਕਾਰਨ ਨਹੀਂ, ਸਗੋਂ ਸਿਆਸੀ ਵਫ਼ਾਦਾਰੀ ਵਿੱਚ ਤਬਦੀਲੀ ਕਾਰਨ ਸ਼ੁਰੂ ਕੀਤੀ ਗਈ ਸੀ।

## DIG Bhullar Case: ਸੀਬੀਆਈ ਦੀ ਰੋਜ਼ਾਨਾ ਸੁਣਵਾਈ ਵਾਲੀ ਮੰਗ ਦਾ ਵਿਰੋਧ



**ਚੰਡੀਗੜ੍ਹ : ਆਪਣਾ ਪੰਜਾਬ ਮੀਡੀਆ :** ਪੰਜਾਬ ਪੁਲੀਸ ਦੇ ਮੁਅੱਤਲ ਡੀ.ਆਈ.ਜੀ. (DIG) ਹਰਚਰਨ ਸਿੰਘ ਭੁੱਲਰ ਅਤੇ ਉਨ੍ਹਾਂ ਦੇ ਸਾਥੀ ਕ੍ਰਿਸ਼ਨੂ ਸ਼ਾਰਦਾ ਨੇ ਚੰਡੀਗੜ੍ਹ ਦੀ ਵਿਸ਼ੇਸ਼ ਸੀ.ਬੀ.ਆਈ. (CBI) ਅਦਾਲਤ ਵਿੱਚ ਇੱਕ ਅਰਜ਼ੀ ਦਾ ਵਿਰੋਧ ਕੀਤਾ ਹੈ। ਸੀ.ਬੀ.ਆਈ. ਨੇ ਮੰਗ ਕੀਤੀ ਸੀ ਕਿ ਇਸ ਭ੍ਰਿਸ਼ਟਾਚਾਰ ਦੇ ਕੇਸ ਦੀ ਸੁਣਵਾਈ ਰੋਜ਼ਾਨਾ (Day-to-Day Trial) ਕੀਤੀ ਜਾਵੇ। ਮੁਅੱਤਲ ਅਧਿਕਾਰੀ ਦੇ ਵਕੀਲ ਐਸ.ਪੀ.ਐਸ. ਭੁੱਲਰ ਰਾਹੀਂ ਦਾਇਰ ਜਵਾਬ ਵਿੱਚ ਕਿਹਾ ਗਿਆ ਹੈ ਕਿ ਸੀ.ਬੀ.ਆਈ. ਦੀ ਇਹ ਮੰਗ ਕਾਨੂੰਨੀ ਤੌਰ 'ਤੇ ਗਲਤ ਹੈ।

ਮੁਅੱਤਲ ਡੀ.ਆਈ.ਜੀ. ਭੁੱਲਰ ਵੱਲੋਂ ਅਦਾਲਤ ਵਿੱਚ ਕਈ ਅਹਿਮ ਨੁਕਤੇ ਚੁੱਕੇ ਗਏ ਹਨ: ਦਸਤਾਵੇਜ਼ਾਂ ਦੀ ਘਾਟ: ਮੁਲਜ਼ਮ ਪੱਖ ਦਾ ਕਹਿਣਾ ਹੈ ਕਿ ਬੀ.ਐਨ.ਐਸ.ਐਸ. (BNSS) ਦੀ ਧਾਰਾ 230 ਦੀ ਪਾਲਣਾ ਅਜੇ ਤੱਕ ਪੂਰੀ ਨਹੀਂ ਹੋਈ ਹੈ। ਉਨ੍ਹਾਂ ਨੂੰ ਕੇਸ ਨਾਲ ਸਬੰਧਤ ਦਸਤਾਵੇਜ਼ਾਂ ਦੀਆਂ ਮੁਕੰਮਲ ਕਾਪੀਆਂ ਅਜੇ ਤੱਕ ਮੁਹੱਈਆ ਨਹੀਂ ਕਰਵਾਈਆਂ ਗਈਆਂ।


Copyright: Apna Punjab Media 2025-26
Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
COVERING DIASPORA INTERNATIONALLY
APNA PUNJAB media.tv HD
Founder & Chief Editor: Gurmit Singh
1 516 989 8001 | 1 631 835 8000
CORPORATE OFFICE:
NEWYORK - CHANDIGARH
Google apna punjab media
Follow Us On /apnapunjabmedia
www.apnapunjabmedia.com newsroom@apnapunjabmedia.com

VOL XVIII, ISSUE 1914 | TUESDAY MAY 05, 2026
NEW YORK

ਕਥਾ ਵਾਚਕ ਗਿਆਨੀ ਧਰਮਵੀਰ ਸਿੰਘ ਲੁਧਿਆਣੇ ਵਾਲੇ ਹੈੱਡ ਗ੍ਰੰਥੀ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਨਿਊਯਾਰਕ (ਅਮਰੀਕਾ) ਵਾਲਿਆਂ ਵੱਲੋਂ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਗੁਰਮਤਿ ਦੇ ਵੱਖ ਵੱਖ ਵਿਸ਼ਿਆ ਤੇ ਲਿਖੇ ਗਏ ਲੇਖ ਅਸੀ ਆਪਣਾ ਪੰਜਾਬ ਵਿੱਚ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਹੇ ਹਾਂ।

ਵੱਲੋਂ ਗੁਰਮੀਤ ਸਿੰਘ ਚੀਫ਼ ਐਡੀਟਰ ਆਪਣਾ ਪੰਜਾਬ ਮੀਡੀਆ ਗਰੁੱਪ ਨਿਊਯਾਰਕ



ਗਿਆਨੀ ਧਰਮਵੀਰ ਸਿੰਘ

ਕਿਸ਼ਤ ਨੰਬਰ 71

# ਸਿਖੀ ਸਿਖਿਆ ਗੁਰ ਵੀਚਾਰਿ

ਸਿੱਖ ਉਹ ਹੈ ਜਿਸ ਦੇ ਅੰਦਰ ਸਿਖੀ ਹੈ। ਸਿਖੀ ਉਸ ਦੇ ਅੰਦਰ ਹੈ ਜਿਸ ਪਾਸ ਗੁਰ ਦੀ ਸਿੱਖਿਆ ਹੈ। ਗੁਰ ਦੀ ਸਿੱਖਿਆ ਉਸ ਕੋਲ ਹੈ ਜਿਸ ਕੋਲ ਗੁਰੂ ਦੀ ਵੀਚਾਰ ਹੈ ਭਾਵ ਜਿਸ ਦੇ ਪਾਸ ਗੁਰੂ ਦੀ ਮੱਤ ਹੈ, ਜੋ ਗੁਰਮਤਿ ਦਾ ਧਾਰਨੀ ਹੈ ਗੁਰਬਾਣੀ ਦਾ ਫੁਰਮਾਨ ਹੈ ਕਿ ਪੜਨ ਲਿਖਣ ਵੀਚਾਰਨ ਅਤੇ ਪੂਜਾ ਕਰਨ ਦਾ ਤਾਂ ਹੀ ਲਾਭ ਹੈ ਜੇਕਰ ਅਸੀਂ ਸਤਿਗੁਰ ਜੀ ਦੀ ਆਗਿਆ ਨੂੰ ਸਤ ਕਰਕੇ ਮੰਨਿਆ ਅਤੇ ਕਮਾਇਆ ਹੈ :-

ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ
ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥ ੧ ॥ (ਅੰਗ ੬੬੯)

ਗੁਰਬਾਣੀ ਦਾ ਬਚਨ ਹੈ ਕਿ ਭਾਵੇਂ ਸਾਰੀ ਉਮਰ ਧਾਰਮਿਕ ਪੁਸਤਕਾਂ ਪੜ੍ਹਦੇ ਰਹੀਏ ਗੱਡਿਆਂ ਦੇ ਗੱਡੇ ਕਿਤਾਬਾਂ ਦੇ ਪੜ੍ਹ ਲਈਏ ਪਰ ਜੇ ਅਮਲ ਨਹੀਂ ਕੀਤਾ ਤਾਂ ਸਭ ਕੁਝ ਵਿਅਰਥ :-

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥
ਪੜੀਅਹਿ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥
ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥ (ਆਸਾ ਦੀ ਵਾਰ)
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰ॥ (ਅੰਗ ੫੯੪)

ਗੁਰਬਾਣੀ ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਸਾਨੂੰ ਮਨ ਨੂੰ ਠੋਕਰ ਮਾਰਨ ਲਈ ਅੰਮ੍ਰਿਤ ਬੋਲ ਹਨ ਕਿ ਖੰਡ ਖੰਡ ਕਹਿਣ ਨਾਲ ਮੂੰਹ ਮਿੱਠਾ ਨਹੀਂ ਹੋ ਸਕਦਾ। ਅੱਗ ਅੱਗ ਕਹਿਣ ਨਾਲ ਠੰਡ ਨਹੀਂ ਰੁਕ ਸਕਦੀ। ਵੈਦ ਵੈਦ ਕਹਿਣ ਨਾਲ ਰੋਗ ਨਹੀਂ ਮੁੱਕਣਾ। ਧਨ ਧਨ ਕਹਿਣ ਨਾਲ ਅਮੀਰ ਨਹੀਂ ਬਣ ਜਾਈਦਾ। ਚੰਦਨ ਚੰਦਨ ਕੇਵਲ ਮੂੰਹ ਤੋਂ ਬੋਲਣ ਨਾਲ ਸੁਗੰਧੀ ਨਹੀਂ ਆਉਂਦੀ। ਚੰਦਰਮਾ ਚੰਦਰਮਾ ਕਹਿਣ ਨਾਲ ਚਾਨਣ ਨਹੀਂ ਹੁੰਦਾ, ਇਸੇ ਤਰ੍ਹਾਂ ਕੇਵਲ ਗਿਆਨ ਦੀਆਂ ਗੱਲਾਂ ਕਰਨ ਨਾਲ ਰਹਿਤ ਨਹੀਂ ਬਣਦੀ ਇਥੇ ਤਾਂ ਕਰਨੀ ਪ੍ਰਧਾਨ ਹੈ :-

ਖਾਂਡ ਖਾਂਡ ਕਹੈ ਜਿਹਬ ਨਾਂ ਸੁਆਦ ਮੀਠੋ ਆਵੈ।
ਅਗਨਿ ਅਗਨਿ ਕਹੈ ਸੀਤ ਨਾ ਬਿਨਾਸ ਹੈ।
ਬੈਦ ਬੈਦ ਕਹੈ ਰੋਗ ਨ ਮਿਟਤ ਕਾਹੂ ਕੋ,
ਦਰਬ ਦਰਬ ਕਹੈ ਕੋਊ ਦਰਬਹਿ ਨਾ ਬਿਲਾਸ ਹੈ।
ਚੰਦਨ ਚੰਦਨ ਕਹੈ ਪ੍ਰਗਟੈ ਨਾ ਸੁਬਾਸ ਬਾਸ
ਚੰਦ ਚੰਦ ਕਹੈ ਉਜੀਆਰੋ ਨਾ ਪਰਗਾਸ ਹੈ।
ਤੈਸੇ ਗਿਆਨ ਗੋਸ਼ਟ ਕਰਤ ਨ ਰਹਿਤ
ਆਵੈ ਕਰਨੀ ਪ੍ਰਧਾਨ ਭਾਨ ਉਦਤਿ ਅਕਾਸ਼ ਹੈ।

ਚੰਦਨ ਚੰਦਨ ਕੇਵਲ ਮੂੰਹ ਤੋਂ ਬੋਲਣ ਨਾਲ ਸੁਗੰਧੀ ਨਹੀਂ ਆਉਂਦੀ। ਚੰਦਰਮਾ ਚੰਦਰਮਾ ਕਹਿਣ ਨਾਲ ਚਾਨਣ ਨਹੀਂ ਹੁੰਦਾ, ਇਸੇ ਤਰ੍ਹਾਂ ਕੇਵਲ ਗਿਆਨ ਦੀਆਂ ਗੱਲਾਂ ਕਰਨ ਨਾਲ ਰਹਿਤ

ਪੂਛਤ ਪਥਕਿ ਤਿਹ ਮਾਰਗ ਨਾ ਧਰੈ ਪਗ
ਪ੍ਰੀਤਮ ਕੇ ਦੇਸ ਕੈਸੇ ਬਾਤਨ ਸੇ ਜਾਈਐ॥

ਭਾਵੇਂ ਸਾਡੇ ਪਾਸ ਗੁਰਮਤਿ ਮਰਯਾਦਾ ਅਤੇ ਕਰਣੀ ਨਹੀਂ, ਅਸੀਂ ਗੁਰ ਉਪਦੇਸ਼ ਕਮਾਵਣ ਵਲੋਂ ਕੋਰੇ ਹਾਂ, ਪਰ ਫਿਰ ਵੀ ਸਮਝਦੇ ਆਪਣੇ ਆਪ ਨੂੰ ਸਿਖ ਹਾਂ। ਨਹੀਂ ਭਾਈ! ਸਿੱਖੀ ਸਿਖਿਆ ਗੁਰ ਵੀਚਾਰਿ ਦਾ ਧਾਰਨੀ ਬਣਨਾ ਪਵੇਗਾ ਤਾਂ ਹੀ ਸਿੱਖ ਅਖਵਾਣ ਕੇ ਹੱਕਦਾਰ ਹੋਵਾਂਗੇ।

ਚਲਦਾ...


Copyright: Apna Punjab Media 2025-26

CENTER FOR SOCIAL CHANGE
We Change Lives

# CENTER FOR SOCIAL CHANGE

## OUR VISION

Our vision is to provide programs & services to individuals with developmental disabilities & related disorders including autism to live & work in the community & exercise their rights, choice - & freedom & to live independent of institutional life through integrated effects of change agents who are passionate about changing lives of people with disabilities throughout the world.





**JASDEEP SINGH JASSI**
CHAIRMAN
CENTER FOR SOCIAL CHANGE



**SAJID TRAR**
CHAIRMAN
CENTER FOR SOCIAL CHANGE

**6600 Amberton Dr. Elkridge, MD 21075, USA**

Phone: 41-569-6789

Fax: 41-796-1201

www.centerforsocialckange.org

E-mail: info@centerforsocialchange.org

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Founder & Chief Editor: Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE: NEWYORK - CHANDIGARH
Google apna punjab media
Follow Us On /apnapunjabmedia
www.apnapunjabmedia.com newsroom@apnapunjabmedia.com
25 VOL XVIII, ISSUE 1914 | TUESDAY MAY 05, 2026
CANADA

# ਕੈਨੇਡਾ ਵਿੱਚ ਆਈਆਰਜੀਸੀ ਨਾਲ ਜੁੜੇ ਲੋਕਾਂ 'ਤੇ ਸਖ਼ਤੀ, ਇਰਾਨੀ ਅਧਿਕਾਰੀ ਨੂੰ ਦਾਖਲਾ ਨਕਾਰਿਆ

**ਓਟਵਾ:ਆਪਣਾ ਪੰਜਾਬ ਮੀਡੀਆ:** ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਦਾਅਵਾ ਕੀਤਾ ਹੈ ਕਿ ਦੇਸ਼ ਵਿੱਚ ਇਰਾਨ ਦੀ ਇਨਕਲਾਬੀ ਗਾਰਡ (ਆਈਆਰਜੀਸੀ) ਨਾਲ ਜੁੜੇ ਲੋਕਾਂ ਨੂੰ ਦਾਖਲਾ ਦੇਣ 'ਤੇ ਪੂਰੀ ਤਰ੍ਹਾਂ ਰੋਕ ਲਗਾਈ ਗਈ ਹੈ। ਇਹ ਬਿਆਨ ਉਸ ਸਮੇਂ ਆਇਆ ਜਦੋਂ ਇੱਕ ਇਰਾਨੀ ਅਧਿਕਾਰੀ ਨੂੰ ਕੈਨੇਡਾ ਵਿੱਚ ਦਾਖਲ ਹੋਣ ਤੋਂ ਪਹਿਲਾਂ ਹੀ ਵਾਪਸ ਮੋੜ ਦਿੱਤਾ ਗਿਆ।

ਇਮੀਗ੍ਰੇਸ਼ਨ ਮੰਤਰੀ ਲੀਨਾ ਡਾਇਬ ਨੇ ਕਿਹਾ ਕਿ ਉਹ ਇਸ ਮਾਮਲੇ ਲਈ ਜ਼ਿੰਮੇਵਾਰ ਹਨ, ਪਰ ਉਨ੍ਹਾਂ ਨੂੰ ਆਪਣੇ ਵਿਭਾਗ ਵੱਲੋਂ ਦਿੱਤੇ ਗਏ ਵੀਜ਼ਾ ਫੈਸਲੇ ਦੀ ਪਹਿਲਾਂ ਜਾਣਕਾਰੀ ਨਹੀਂ ਸੀ। ਬਾਅਦ ਵਿੱਚ ਉਸ ਅਧਿਕਾਰੀ ਦਾ ਵੀਜ਼ਾ ਰੱਦ ਕਰ ਦਿੱਤਾ ਗਿਆ। ਰਿਪੋਰਟਾਂ ਮੁਤਾਬਕ, ਇਰਾਨੀ ਫੁਟਬਾਲ ਫੈਡਰੇਸ਼ਨ ਦੇ ਪ੍ਰਧਾਨ ਮਹਦੀ ਤਾਜ ਨੂੰ ਅਸਥਾਈ ਵੀਜ਼ਾ ਜਾਰੀ ਕੀਤਾ ਗਿਆ ਸੀ, ਹਾਲਾਂਕਿ ਉਸਦੇ ਆਈਆਰਜੀਸੀ ਨਾਲ ਸਬੰਧ ਦੱਸੇ ਜਾਂਦੇ ਹਨ, ਜੋ ਕਿ ਕੈਨੇਡਾ ਵਿੱਚ ਦਹਿਸ਼ਤਗਰਦ ਸੰਸਥਾ ਐਲਾਨੀ ਗਈ ਹੈ। ਪ੍ਰਧਾਨ ਮੰਤਰੀ ਕਾਰਨੀ ਨੇ ਕਿਹਾ ਕਿ ਕੈਨੇਡਾ ਵਿੱਚ ਦਾਖਲੇ ਲਈ ਕਈ ਪੱਧਰਾਂ ਦੀ ਜਾਂਚ ਹੁੰਦੀ ਹੈ ਅਤੇ ਇਹ ਪ੍ਰਣਾਲੀ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰ ਰਹੀ ਹੈ।



ਉਨ੍ਹਾਂ ਇਹ ਵੀ ਕਿਹਾ ਕਿ ਆਈਆਰਜੀਸੀ ਨਾਲ ਜੁੜੇ ਕਿਸੇ ਵੀ ਵਿਅਕਤੀ ਨੂੰ ਦੇਸ਼ ਵਿੱਚ ਆਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਦੂਜੇ ਪਾਸੇ, ਵਿਰੋਧੀ ਪਾਰਟੀ ਦੇ ਨੇਤਾਵਾਂ ਨੇ ਇਸ ਮਾਮਲੇ 'ਤੇ ਸਰਕਾਰ ਦੀ ਆਲੋਚਨਾ ਕੀਤੀ ਹੈ ਅਤੇ ਮੰਗ ਕੀਤੀ ਹੈ ਕਿ ਇਹ ਜਾਂਚ ਹੋਵੇ ਕਿ ਅਖ਼ੀਰ ਇਹ ਵੀਜ਼ਾ ਜਾਰੀ ਕਿਵੇਂ ਹੋਇਆ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਮਾਮਲੇ ਕੈਨੇਡਾ ਵਿੱਚ ਰਹਿੰਦੇ ਇਰਾਨੀ ਮੂਲ ਦੇ ਲੋਕਾਂ ਵਿੱਚ ਚਿੰਤਾ ਪੈਦਾ ਕਰਦੇ ਹਨ।

# ਇਰਾਨ ਵਿੱਚ ਸਿਆਸੀ ਟਕਰਾਅ ਤੇਜ਼, ਅੰਦਰੂਨੀ ਖਿੱਚੋਤਾਣ ਨੇ ਵਧਾਇਆ ਸੰਕਟ

**ਤਹਿਰਾਨ:ਆਪਣਾ ਪੰਜਾਬ ਮੀਡੀਆ:** ਇਰਾਨ ਵਿੱਚ ਅਮਰੀਕਾ ਨਾਲ ਵਧਦੇ ਤਣਾਅ ਦੇ ਦਰਮਿਆਨ ਸਿਆਸੀ ਹਲਚਲ ਵੀ ਤੇਜ਼ ਹੋ ਗਈ ਹੈ।



ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਆਂ ਅਤੇ ਸੰਸਦ ਸਪੀਕਰ ਮੁਹੰਮਦ ਬਾਘਰ ਘਲੀਬਫ ਵਿਚਕਾਰ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੂੰ ਲੈ ਕੇ ਵਿਰੋਧ ਸਾਹਮਣੇ ਆ ਰਿਹਾ ਹੈ। ਰਿਪੋਰਟਾਂ ਮੁਤਾਬਕ, ਦੋਵੇਂ ਆਗੂਆਂ ਨੂੰ ਇਤਰਾਜ਼ ਹੈ ਕਿ ਅਰਾਘਚੀ ਵਿਦੇਸ਼ ਨੀਤੀ ਦੇ ਮਾਮਲਿਆਂ ਵਿੱਚ ਰਾਸ਼ਟਰਪਤੀ ਦਫ਼ਤਰ ਨੂੰ ਪਾਸੇ ਰੱਖ ਕੇ ਸਿੱਧਾ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੌਰਪਸ (ਆਈਆਰਜੀਸੀ) ਨਾਲ ਸਹਿਯੋਗ ਕਰ ਰਹੇ ਹਨ।

ਇਹ ਵੀ ਦੋਸ਼ ਹੈ ਕਿ ਉਹ ਫੌਜੀ ਅਧਿਕਾਰੀਆਂ ਦੇ ਪ੍ਰਭਾਵ ਹੇਠ ਕੰਮ ਕਰ ਰਹੇ ਹਨ। ਇਸ ਕਾਰਨ ਰਾਸ਼ਟਰਪਤੀ ਪੇਜ਼ੇਸ਼ਕਿਆਨ ਦੀ ਨਾਰਾਜ਼ਗੀ ਵਧ ਰਹੀ ਹੈ ਅਤੇ ਉਹ ਵਿਦੇਸ਼ ਮੰਤਰੀ ਨੂੰ ਹਟਾਉਣ ਤੱਕ ਦਾ ਕਦਮ ਚੁੱਕ ਸਕਦੇ ਹਨ।

ਇਸ ਦੇ ਨਾਲ ਹੀ ਸਰਕਾਰ ਵਿੱਚ ਇਹ ਚਿੰਤਾ ਵਧ ਰਹੀ ਹੈ ਕਿ ਫੌਜੀ ਦਖਲ ਨਾਲ ਸਿਆਸੀ ਲੀਡਰਸ਼ਿਪ ਕਮਜ਼ੋਰ ਹੋ ਸਕਦੀ ਹੈ।

# ਲੇਕ ਓਂਟਾਰੀਓ ਵਿੱਚ ਮਿਲਿਆ ਜਹਾਜ਼ ਦਾ ਮਲਬਾ, ਕਿੰਗਸਟਨ ਵਿੱਚ ਹੋਵੇਗਾ ਖੁਲਾਸਾ


**ਓਂਟਾਰੀਓ:ਆਪਣਾ ਪੰਜਾਬ ਮੀਡੀਆ:** ਲੇਕ ਓਂਟਾਰੀਓ ਵਿਚ ਲਗਭਗ 300 ਫੁੱਟ ਦੀ ਗਹਿਰਾਈ ਵਿੱਚ ਇੱਕ ਸਦੀ ਤੋਂ ਵੱਧ ਸਮੇਂ ਤੱਕ ਅਣਛੋਹਿਆ ਜਹਾਜ਼ ਦਾ ਮਲਬਾ ਹੁਣ ਸਾਹਮਣੇ ਆਇਆ ਹੈ। ਇਹ ਖੋਜ ਉਸ ਇਲਾਕੇ ਵਿੱਚ ਹੋਈ ਹੈ ਜਿਸਨੂੰ ਪਹਿਲਾਂ ਪੂਰੀ ਤਰ੍ਹਾਂ ਖੰਗਾਲਿਆ ਹੋਇਆ ਮੰਨਿਆ ਜਾਂਦਾ ਸੀ। ਇਸ ਮਲਬੇ ਬਾਰੇ ਹੋਰ ਜਾਣਕਾਰੀ ਕਿੰਗਸਟਨ ਵਿੱਚ ਦਿੱਤੀ ਜਾਵੇਗੀ, ਜਿੱਥੇ Great Lakes Museum "Nautical Nights" ਸੀਰੀਜ਼ ਤਹਿਤ ਖਾਸ ਪ੍ਰੋਗਰਾਮ ਕਰਵਾ ਰਿਹਾ ਹੈ। ਇਸ ਈਵੈਂਟ ਵਿੱਚ Heison Chak ਆਪਣੀ ਟੀਮ ਦੀ 2025 ਦੀ ਖੋਜ ਬਾਰੇ ਵਿਸਥਾਰ ਨਾਲ ਜਾਣਕਾਰੀ ਦੇਣਗੇ।ਚਾਕ ਨੇ ਦੱਸਿਆ ਕਿ



ਇਹ ਖੋਜ ਸ਼ੁਰੂ ਵਿੱਚ ਆਮ ਜਾਂਚ ਸੀ, ਪਰ ਬਾਅਦ ਵਿੱਚ ਪਤਾ ਲੱਗਿਆ ਕਿ ਇਹ ਉਹ ਜਹਾਜ਼ ਨਹੀਂ ਜਿਸ ਦੀ ਖੋਜ ਕੀਤੀ ਜਾ ਰਹੀ ਸੀ, ਸਗੋਂ ਇੱਕ ਨਵੀਂ ਅਤੇ ਮਹੱਤਵਪੂਰਨ ਖੋਜ ਹੈ।ਇਹ ਮਲਬਾ ਟੋਰਾਂਟੋ ਆਈਲੈਂਡ ਨੇੜੇ ਸਾਈਡ-ਸਕੈਨ ਸੋਨਾਰ ਨਾਲ ਲੱਭਿਆ ਗਿਆ। ਗਹਿਰਾਈ ਕਾਰਨ ਇਹ ਸਿਰਫ਼ ਤਕਨੀਕੀ ਡਾਈਵਰਾਂ ਲਈ ਪਹੁੰਚਯੋਗ ਹੈ। ਮਾਹਿਰਾਂ ਅਨੁਸਾਰ ਇਹ ਖੋਜ ਖੇਤਰ ਦੇ ਸਮੁੰਦਰੀ ਇਤਿਹਾਸ ਬਾਰੇ ਨਵੀਂ ਜਾਣਕਾਰੀ ਪ੍ਰਦਾਨ ਕਰੇਗੀ।

# ਬੱਚੇ ਨੂੰ ਅਗਵਾ ਕਰਨ ਵਾਲੇ ਭਾਰਤੀ ਮੂਲ ਦੇ ਵਿਅਕਤੀ ਨੂੰ 18 ਮਹੀਨੇ ਦੀ ਕੈਦ, ਕੀਤਾ ਜਾ ਸਕਦਾ ਹੈ ਡੀਪੋਰਟ

**ਓਨਟਾਰੀਓ:ਆਪਣਾ ਪੰਜਾਬ ਮੀਡੀਆ:** ਓਨਟਾਰੀਓ ਵਿੱਚ ਬੱਚੇ ਨੂੰ ਅਗਵਾ ਕਰਨ ਦੇ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤੇ ਗਏ ਭਾਰਤੀ ਮੂਲ ਦੇ ਇੱਕ ਵਿਅਕਤੀ ਨੂੰ 18 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ, ਜਿਸ ਨਾਲ ਉਸ ਨੂੰ ਡੀਪੋਰਟ ਕਰਨ ਦੀ ਸੰਭਾਵਨਾ ਵੀ ਬਣ ਗਈ ਹੈ। 37 ਸਾਲਾ ਮਨੋਜ ਗੋਵਿੰਦਬਾਲੁਨਿਕਮ,



ਜੋ ਪਹਿਲਾਂ ਬਰੈਂਪਟਨ ਵਿੱਚ ਰੀਅਲ ਅਸਟੇਟ ਏਜੰਟ ਸੀ, ਨੂੰ ਅਗਸਤ 2023 ਵਿੱਚ 14 ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ ਅਗਵਾ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸਨੇ ਮਈ ਮਹੀਨੇ ਵਿੱਚ ਅਦਾਲਤ ਵਿੱਚ ਦੋਸ਼ ਕਬੂਲ ਕਰ ਲਿਆ ਸੀ। ਅਦਾਲਤੀ ਕਾਰਵਾਈ ਦੌਰਾਨ ਸਾਹਮਣੇ ਆਇਆ ਕਿ ਦੋਸ਼ੀ ਨੇ ਨੌਂ ਸਾਲ ਦੇ ਬੱਚੇ ਨਾਲ ਗੱਲਬਾਤ ਕੀਤੀ, ਉਸਨੂੰ ਤੋਹਫ਼ੇ ਵਜੋਂ ਫਿਜਿਟ ਸਪਿੰਨਰ ਦਿੱਤਾ ਅਤੇ ਬਾਅਦ ਵਿੱਚ ਉਸਨੂੰ ਗੱਡੀ ਵਿੱਚ ਬਿਠਾ ਕੇ ਘਰ ਛੱਡਣ ਦੀ ਪੇਸ਼ਕਸ਼ ਕੀਤੀ। ਹਾਲਾਂਕਿ, ਜਦੋਂ ਬੱਚੇ ਨੇ ਆਪਣੇ ਘਰ ਦੇ ਨੇੜੇ ਗੱਡੀ ਰੋਕਣ ਲਈ ਕਿਹਾ, ਤਾਂ ਦੋਸ਼ੀ ਨੇ ਗੱਡੀ ਨਹੀਂ ਰੋਕੀ ਅਤੇ ਅੱਗੇ ਵੱਧ ਗਿਆ। ਬਾਅਦ ਵਿੱਚ ਬੱਚੇ ਦੇ ਪਿਤਾ ਨੇ ਗੱਡੀ ਨੂੰ ਰੋਕਿਆ ਅਤੇ ਬੱਚੇ ਨੂੰ ਸੁਰੱਖਿਅਤ ਵਾਪਸ ਘਰ ਲੈ ਗਿਆ। ਪੁਲਿਸ ਨੇ ਅਗਲੇ ਦਿਨ ਦੋਸ਼ੀ ਨੂੰ ਸਾਲਟ ਸੇਂਟ ਮਰੀ ਸ਼ਹਿਰ ਵਿੱਚ ਗ੍ਰਿਫ਼ਤਾਰ ਕਰ ਲਿਆ।


Copyright: Apna Punjab Media 2025-26
Graphic & Design: Apna Punjab Media Team



ਸੱਚ ਦੀ ਆਵਾਜ਼

ਆਪਣਾ ਪੰਜਾਬ

BILINGUAL

ESTD. 2005

*Journalism With Guts to Tell It Like It Is!*

Google apna punjab media

COVERING DIASPORA INTERNATIONALLY

APNA PUNJAB media.tv HD

Founder & Chief Editor : Gurmit Singh

1 516 989 8001 | 1 631 835 8000

CORPORATE OFFICE :

NEWYORK - CHANDIGARH

Follow Us On /apnapunjabmedia

www.apnapunjabmedia.com newsroom@apnapunjabmedia.com

26 VOL XVIII, ISSUE 1914 | TUESDAY MAY 05, 2026

NEW YORK



# APNA PUNJAB MEDIA GROUP –
## NOW A COMPLETE GLOBAL MEDIA HUB

Connecting Indians Worldwide in Punjabi, English & Hindi Language

APNA PUNJAB MEDIA GROUP NEWYORK Estd. 2005

**1 apnapunjabmedia.com**

A dedicated Punjabi-language platform, focused on delivering authentic news, culture, and stories from Punjab while connecting with the global Punjabi and NRI community worldwide.

**2 apnapunjabmedia.us**

Expanding beyond Punjab, we are now reaching audiences across India— With content in English and Hindi, we ensure global accessibility, inclusivity, and meaningful connections communities worldwide.

**3 apnapunjabmedia.tv**

Our global TV platform, delivering breaking news, ground-level reality coverage, and impactful video journalism — bringing real stories directly to viewers worldwide.

# 4 Transform Your Business with Apna Punjab Media IT Services

## Powering Your Business Growth

We brings over 12+ years of industry expertise, delivering innovative and result-driven solutions to help your business grow from local presence to a global brand.

Our team of experienced IT professionals specializes in creating business-oriented strategies tailored to your goals, ensuring measurable and committed results.





GURMIT SINGH
CEO & PRESIDENT



GURSEWAK SINGH
MANAGING DIRECTOR

CONTACT US

1 631 835 8000

1 516 989 8001

Drop us Email
Info@apnapunjabmedia.com




Copyright: Apna Punjab Media 2025-26



ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media

Founder & Chief Editor: Gurmit Singh
1 516 989 8001 | 1 631 835 8000

COVERING DIASPORA INTERNATIONALLY
APNA PUNJAB media.tv HD
CORPORATE OFFICE:
NEWYORK - CHANDIGARH

Follow Us On /apnapunjabmedia
www.apnapunjabmedia.com newsroom@apnapunjabmedia.com



VOL XVIII, ISSUE 1914 | TUESDAY MAY 05, 2026



# ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਅਮਿਤ ਸ਼ਾਹ ਨੂੰ ਪੱਤਰ



## ਸਾਕਾ ਨੀਲਾ ਤਾਰਾ ਫੌਜੀ ਹਮਲੇ ਸਮੇਂ ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਗੁੰਮ ਹੋਏ ਅਮੁੱਲੇ ਖਜ਼ਾਨੇ ਬਾਰੇ ਸਥਿਤੀ ਸਪਸ਼ਟ ਕਰਨ ਦੀ ਅਪੀਲ

**ਅੰਮ੍ਰਿਤਸਰ : ਆਪਣਾ ਪੰਜਾਬ ਮੀਡੀਆ :** ਸਾਬਕਾ ਜਥੇਦਾਰ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹੈਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਨੂੰ ਇੱਕ ਪੱਤਰ ਭੇਜ ਕੇ ਜੂਨ 1984 ਸਾਕਾ ਨੀਲਾ ਤਾਰਾ ਫੌਜੀ ਹਮਲੇ ਸਮੇਂ ਹਰਿਮੰਦਰ ਸਾਹਿਬ ਸਥਿਤ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚੋਂ ਗੁੰਮ ਹੋਏ ਜਾਂ ਜ਼ਬਤ ਕੀਤੇ ਗਏ ਅਮੁੱਲ ਸਰੂਪ ਤੇ ਦਸਤਾਵੇਜ਼ਾਂ ਬਾਰੇ ਸਰਕਾਰ ਨੂੰ ਸਪਸ਼ਟੀਕਰਨ ਜਾਰੀ ਕਰਨ ਦੀ ਮੰਗ ਕੀਤੀ ਹੈ।

ਉਨ੍ਹਾਂ ਇਸ ਸਬੰਧ ਵਿੱਚ ਕੇਂਦਰੀ ਗ੍ਰਿਹ ਮੰਤਰੀ ਨੂੰ ਇੱਕ ਪੱਤਰ ਭੇਜਿਆ ਹੈ। ਪੱਤਰ ਵਿੱਚ ਅਪੀਲ ਕੀਤੀ ਹੈ ਕਿ ਇਹ ਮਾਮਲਾ ਸਿੱਖ ਭਾਵਨਾਵਾਂ ਨਾਲ ਜੁੜਿਆ ਹੋਇਆ ਇੱਕ ਸੰਵੇਦਨਸ਼ੀਲ ਮਾਮਲਾ ਹੈ। ਉਨ੍ਹਾਂ ਆਖਿਆ ਕਿ ਜੂਨ 1984 ਸਾਕਾ ਨੀਲਾ ਤਾਰਾ ਫੌਜੀ ਹਮਲੇ ਸਮੇਂ ਹਰਿਮੰਦਰ ਸਾਹਿਬ ਸਥਿਤ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ, ਦੁਰਲਭ ਹੁਕਮਨਾਮੇ, ਖਰੜੇ, ਹੱਥ ਲਿਖਤਾਂ ਅਤੇ ਇਤਿਹਾਸਿਕ ਦਸਤਾਵੇਜ਼ ਗੁੰਮ ਹੋ ਗਏ ਸਨ ਜਾਂ ਜ਼ਬਤ ਕਰ ਲਏ ਗਏ ਸਨ। ਇਸ ਸਬੰਧ ਵਿੱਚ ਵੱਖ-ਵੱਖ ਧਿਰਾਂ ਦੇ ਵੱਖ ਵੱਖ ਦਾਅਵੇ ਹਨ।

ਇੱਕ ਧਿਰ ਦਾ ਦਾਅਵਾ ਹੈ ਕਿ ਪਾਵਨ ਸਰੂਪ, ਹੱਥ ਲਿਖਤ ਖਰੜੇ, ਹੁਕਮਨਾਮੇ ਤੇ ਹੋਰ ਅਹਿਮ ਦਸਤਾਵੇਜ਼ ਭਾਰਤ ਸਰਕਾਰ ਜਾਂ ਫੌਜ ਵੱਲੋਂ ਵਾਪਸ ਹੀ ਨਹੀਂ ਕੀਤੇ ਗਏ ਸਨ। ਦੂਜੀ ਧਿਰ ਦਾ ਦਾਅਵਾ ਹੈ ਕਿ ਇਹ ਸਾਰੀ ਸਮੱਗਰੀ ਸਰਕਾਰ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿੱਤੀ ਗਈ ਸੀ। ਕੁਝ ਵਿਦਵਾਨ ਇਹ ਵੀ ਦੋਸ਼ ਲਾ ਰਹੇ ਹਨ ਕਿ ਕੁਝ ਪਾਵਨ ਸਰੂਪ ਅਤੇ ਅਹਿਮ ਦਸਤਾਵੇਜ ਵਿਦੇਸ਼ਾਂ ਵਿੱਚ ਕਰੋੜਾਂ ਰੁਪਏ ਵਿੱਚ ਵੇਚ ਦਿੱਤੇ ਗਏ ਹਨ।

ਇਸ ਤਰ੍ਹਾਂ ਦੀ ਅਸਪਸ਼ਟਤਾ ਕਈ ਦਹਾਕਿਆਂ ਤੋਂ ਬਣੀ ਹੋਈ ਹੈ। ਇਸ ਨਾਲ ਸਿੱਖ ਸੰਗਤ ਦੇ ਮਨਾ ਵਿੱਚ ਦੁਬਿਧਾ ਵਾਲੀ ਸਥਿਤੀ ਬਣੀ ਹੋਈ ਹੈ।

# ਸਿੱਖਿਆ ਵਿਭਾਗ ਵੱਲੋਂ ਮਰਦਮਸ਼ੁਮਾਰੀ ਦੇ ਕੰਮ ਲਈ ਸਕੂਲਾਂ ਦੇ ਕੰਪਿਊਟਰ ਦੇਣ ਤੋਂ ਕੋਰਾ ਜਵਾਬ




**ਫ਼ਰੀਦਕੋਟ : ਆਪਣਾ ਪੰਜਾਬ ਮੀਡੀਆ :** ਡਾਇਰੈਕਟਰ ਜਨਰਲ ਸਕੂਲ ਸਿੱਖਿਆ (DGSE) ਪੰਜਾਬ ਦੇ ਦਫ਼ਤਰ ਨੇ ਸਕੂਲੀ ਕੰਪਿਊਟਰਾਂ ਨੂੰ ਗੈਰ-ਵਿਦਿਅਕ ਉਦੇਸ਼ਾਂ ਲਈ ਵਰਤਣ ਤੋਂ ਰੋਕ ਕੇ ਵਿਦਿਆਰਥੀਆਂ ਦੇ ਅਕਾਦਮਿਕ ਸਰੋਤਾਂ ਦੀ ਰਾਖੀ ਲਈ ਇੱਕ ਰਸਮੀ ਨਿਰਦੇਸ਼ ਜਾਰੀ ਕੀਤਾ ਹੈ। ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ ਵੱਲੋਂ ਜਾਰੀ ਕੀਤੇ ਗਏ ਇਹ ਹੁਕਮ ਉਨ੍ਹਾਂ ਰਿਪੋਰਟਾਂ ਦੇ ਜਵਾਬ ਵਿੱਚ ਆਏ ਹਨ ਕਿ ਵੱਖ-ਵੱਖ ਸਰਕਾਰੀ ਵਿਭਾਗ ਚੱਲ ਰਹੀ ਮਰਦਮਸ਼ੁਮਾਰੀ (Census) ਦੀਆਂ ਗਤੀਵਿਧੀਆਂ ਲਈ ਸਕੂਲਾਂ ਦੀਆਂ ਕੰਪਿਊਟਰ ਲੈਬਾਂ ਦੀ ਵਰਤੋਂ ਕਰਨ ਜਾਂ ਹਾਰਡਵੇਅਰ ਉਧਾਰ ਲੈਣ ਦੀ ਮੰਗ ਕਰ ਰਹੇ ਹਨ। ਰਾਜ ਦੇ ਸਾਰੇ ਜ਼ਿਲ੍ਹਾ ਸਿੱਖਿਆ ਅਫ਼ਸਰਾਂ (DEOs) ਨੂੰ ਭੇਜੇ ਪੱਤਰ ਵਿੱਚ ਵਿਭਾਗ ਨੇ ਬਾਹਰੀ ਏਜੰਸੀਆਂ ਵੱਲੋਂ ਇਨ੍ਹਾਂ ਸਰੋਤਾਂ ਦੀ ਵਰਤੋਂ ਕੀਤੇ ਜਾਣ ਸਬੰਧੀ ਕਈ ਗੰਭੀਰ ਚਿੰਤਾਵਾਂ ਨੂੰ ਉਜਾਗਰ ਕੀਤਾ ਹੈ।ਪੰਜਾਬ ਭਰ ਦੇ ਸਾਰੇ ਜ਼ਿਲ੍ਹਾ ਸਿੱਖਿਆ ਅਫ਼ਸਰਾਂ (ਸੈਕੰਡਰੀ ਸਿੱਖਿਆ) ਨੂੰ ਸੰਬੋਧਿਤ ਪੱਤਰ ਵਿੱਚ ਅਥਾਰਟੀ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਕਿਸੇ ਵੀ ਵਿਭਾਗ ਨੂੰ ਸਕੂਲਾਂ ਤੋਂ ਕੰਪਿਊਟਰ ਲੈ ਕੇ ਜਾਣ ਜਾਂ ਮਰਦਮਸ਼ੁਮਾਰੀ ਜਾਂ ਕਿਸੇ ਹੋਰ ਗੈਰ-ਵਿਦਿਅਕ ਕੰਮ ਲਈ ਕੰਪਿਊਟਰ ਲੈਬਾਂ ਦੀ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ।

# Rana Balachauria ਕਤਲ ਮਾਮਲੇ ਦਾ ਮੁੱਖ ਸ਼ੂਟਰ ਕਾਬੂ



- **ਪੰਜਾਬ ਪੁਲੀਸ ਨੇ ਤ੍ਰਿਪੁਰਾ ਤੋਂ ਕੀਤਾ ਕਾਬੂ**
- **ਕਤਲ ਮਾਮਲੇ ਵਿਚ ਹੋਰ ਖੁਲਾਸੇ ਹੋਣ ਦੀ ਸੰਭਾਵਨਾ**

**ਚੰਡੀਗੜ੍ਹ : ਆਪਣਾ ਪੰਜਾਬ ਮੀਡੀਆ :** ਮੁਹਾਲੀ ਦੇ ਸੋਹਾਣਾ ਵਿਚ ਕਬੱਡੀ ਮੈਚ ਦੌਰਾਨ ਕਤਲ ਕੀਤੇ ਗਏ ਕਬੱਡੀ ਖੇਡ ਪ੍ਰਮੋਟਰ ਰਾਣਾ ਬਲਾਚੌਰੀਆ ਮਾਮਲੇ ਦੇ ਮੁੱਖ ਮੁਲਜ਼ਮ ਨੂੰ ਪੰਜਾਬ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਹੈ ਜਿਸ ਦੀ ਪਛਾਣ ਮੁੱਖ ਸ਼ੂਟਰ ਆਦਿਤਿਆ ਕਪੂਰ ਉਰਫ਼ ਮੱਖਣ ਵਜੋਂ ਹੋਈ ਹੈ ਜਿਸ ਨੂੰ ਤ੍ਰਿਪੁਰਾ ਦੇ ਅਗਰਤਾਲਾ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਪੰਜਾਬ ਏਜੀਟੀਐੱਫ ਵਲੋਂ ਮੱਖਣ ਨੂੰ ਤ੍ਰਿਪੁਰਾ ਪੁਲੀਸ ਅਤੇ ਕੇਂਦਰੀ ਏਜੰਸੀਆਂ ਦੀ ਸਹਾਇਤਾ ਨਾਲ ਕਾਬੂ ਕੀਤਾ ਗਿਆ।

ਉਹ ਰਾਣਾ ਬਲਾਚੌਰੀਆ ਦੀ ਹੱਤਿਆ ਦੇ ਮਾਮਲੇ ਵਿਚ ਮੁੱਖ ਸ਼ੂਟਰ ਵਜੋਂ ਲੋੜੀਂਦਾ ਸੀ। ਜ਼ਿਕਰਯੋਗ ਹੈ ਕਿ ਸੋਹਾਣਾ ਵਿਚ ਚੱਲ ਰਹੇ ਕਬੱਡੀ ਕੱਪ ਵਿੱਚ 15 ਦਸੰਬਰ ਨੂੰ ਸ਼ਾਮ ਛੇ ਵਜੇ ਦੇ ਕਰੀਬ ਸ਼ਕਰਪੁਰ ਕਬੱਡੀ ਟੀਮ ਦੇ ਪ੍ਰਮੋਟਰ ਰਾਣਾ ਬਲਾਚੌਰੀਆ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਉਸ ਨੂੰ ਕਾਰ ਪਾਰਕਿੰਗ ਵਿੱਚ ਗੋਲੀਆਂ ਮਾਰੀਆਂ ਗਈਆਂ।

# Mohali Power Crisis: ਝੱਖੜ ਦਾ ਕਹਿਰ: ਫੇਜ਼-2 ਦੇ ਸੈਂਕੜੇ ਘਰਾਂ ਵਿਚ 30 ਘੰਟਿਆਂ ਤੋਂ ਬਿਜਲੀ 'ਗੁੱਲ'

## ਪੀਣ ਵਾਲੇ ਪਾਣੀ ਦੀ ਸਪਲਾਈ ਵੀ ਠੱਪ; ਲੋਕਾਂ ਦੀਆਂ ਵਧੀਆਂ ਮੁਸ਼ਕਲਾਂ



**ਮੁਹਾਲੀ : ਆਪਣਾ ਪੰਜਾਬ ਮੀਡੀਆ :** ਮੁਹਾਲੀ ਵਿੱਚ ਐਤਵਾਰ ਸਵੇਰੇ ਗੜ੍ਹੇਮਾਰੀ ਅਤੇ ਤੇਜ਼ ਤੂਫ਼ਾਨ ਨੇ ਸ਼ਹਿਰ ਦੀ ਬਿਜਲੀ ਸਪਲਾਈ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਦਿੱਤਾ ਹੈ। ਇਸ ਝੱਖੜ ਨੂੰ ਗੁਜ਼ਰਿਆਂ 30 ਘੰਟਿਆਂ ਤੋਂ ਵੱਧ ਦਾ ਸਮਾਂ ਹੋ ਚੁੱਕਾ ਹੈ ਪਰ ਫੇਜ਼-2 ਅਤੇ ਸੈਕਟਰ-54 ਦੇ ਕਈ ਹਿੱਸਿਆਂ ਵਿੱਚ ਹਾਲੇ ਵੀ ਬਿਜਲੀ ਗੁੱਲ ਹੈ। ਖਾਸ ਤੌਰ 'ਤੇ ਘਰ ਨੰਬਰ 147 ਤੋਂ 170 ਅਤੇ 550 ਤੋਂ 653 ਦੇ ਲਗਪਗ 80 ਘਰ ਅਜਿਹੇ ਹਨ ਜਿੱਥੇ ਐਤਵਾਰ ਸਵੇਰ ਤੋਂ ਨਾ ਬਿਜਲੀ ਆਈ ਹੈ ਅਤੇ ਨਾ ਹੀ ਪੀਣ ਵਾਲੇ ਪਾਣੀ ਦੀ ਸਪਲਾਈ ਹੋ ਰਹੀ ਹੈ। ਸਿਰਫ਼ ਫੇਜ਼-2 ਹੀ ਨਹੀਂ, ਸਗੋਂ ਫੇਜ਼-7, 3ਬੀ1, 3ਬੀ2, ਫੇਜ਼-1 ਅਤੇ ਫੇਜ਼-5 ਵਰਗੇ ਇਲਾਕਿਆਂ ਵਿੱਚ ਵੀ ਲੋਕ ਬਿਜਲੀ ਦੇ ਕੱਟਾਂ ਅਤੇ ਘੱਟ ਵੋਲਟੇਜ (Low Voltage) ਕਾਰਨ ਪ੍ਰੇਸ਼ਾਨ ਹਨ। ਸਾਬਕਾ ਡਿਪਟੀ ਮੇਅਰ ਕੁਲਜੀਤ ਬੇਦੀ ਨੇ ਦੱਸਿਆ ਕਿ ਜਿਨ੍ਹਾਂ ਇਲਾਕਿਆਂ ਵਿੱਚ ਬਿਜਲੀ ਬਹਾਲ ਵੀ ਹੋਈ ਹੈ।



Copyright: Apna Punjab Media 2025-26


Graphic & Design: Apna Punjab Media Team

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
Founder & Chief Editor : Gurmit Singh
1 516 989 8001 | 1 631 835 8000
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com





ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
COVERING DIASPORA INTERNATIONALLY
APNA PUNJAB media.tv HD
Founder & Chief Editor : Gurmit Singh
1 516 989 8001 | 1 631 835 8000
CORPORATE OFFICE : NEWYORK - CHANDIGARH
Follow Us On /apnapunjabmedia
www.apnapunjabmedia.com newsroom@apnapunjabmedia.com







Copyright: Apna Punjab Media 2025-26

ਸੱਚ ਦੀ ਆਵਾਜ਼
ਆਪਣਾ ਪੰਜਾਬ
BILINGUAL
ESTD. 2005
Journalism With Guts to Tell It Like It Is!
Google apna punjab media
COVERING DIASPORA INTERNATIONALLY
APNA PUNJAB media.tv HD
CORPORATE OFFICE :
NEWYORK - CHANDIGARH

Founder & Chief Editor : Gurmit Singh
1 516 989 8001 | 1 631 835 8000

Follow Us On /apnapunjabmedia
www.apnapunjabmedia.com newsroom@apnapunjabmedia.com



# MATRIMONIAL ADS

## MATRIMONIAL

Name: Saini Sikh Girl
Date of Birth: 28 February 1998
Height: 5'4"Complexion: Fair
Education: M.Sc. in Food Technology
Profession: Employed in Gujarat
Gotra: Dhamrait / Tumber
Preferred Match: Army or Air Force Officer
Contact:Mr. Jasvir Singh
House No. 1702, Hospital Road, Ropar
Phone: 94174-85091, 94788-27828

## MATRIMONIAL

Name: Saini Sikh Girl
Date of Birth: 21 July 1997
Height: 5'7"Complexion: Fair
Education: M.Com with Computer Course
Profession: Employed with Sun Pharma (Private Sector)
Gotra: Mundra / Gahania
Preferred Match: Turbaned Sikh Boy
Contact:S. Manjit Singh
House No. 4533, Bari Haveli (Haveli Kalan)
Phone: 97819-92581

## MATRIMONIAL

Name: Saini Sikh Girl
Date of Birth: 22 October 1998
Height: 5'4.5"Complexion: Wheatish
Education: B.P.T., Diploma in Nutrition, pursuing M.H.A.
Profession: DoctorGotra: Dhal / Dhamrait
Preferred Match: Turbaned Sikh Boy from a well-educated family, P.R. holder in Canada or Citizen of any European country
Contact:S. Ajit Singh
ILD Greens, Tower-6, Flat No. 702, Sector 37C, Gurgaon (Haryana)
Phone: 98114-00853, 98115-70853

## MATRIMONIAL

Name: Saini Hindu Girl
Date of Birth: 1993, Height: 5'2"Complexion: Fair
Education: BCA Graduate, Profession: Homemaker
Gotra: Kaloty
Preferred Match: Punjabi Saini boy, aged between 30 to 36 years, well-educated and well-settled in a respectable profession
Contact:Mr. Lakashman Parsad
House No. 3377/3, Bhargo Nagar, Jalandhar
Phone: 96466-00926, 62396-00926

## MATRIMONIAL

Name: Saini Sikh Girl
Date of Birth: 18 July 1998, Height: 5'2"Complexion: Fair
Education: B.Sc. Nursing, Profession: Nursing Officer at PGI, Chandigarh
Gotra: Girn / Badwal
Preferred Match: Turbaned Sikh boy belonging to the Sikh religion, employed in a government job, and settled in the Tricity area (Chandigarh, Mohali, Panchkula)
Contact:S. Gurnam SinghVPO Bhallri, Tehsil Nangal, District Ropar (Punjab)
Phone: 94173-35335

## MATRIMONIAL

Name: Saini Sikh Girl
Date of Birth: September 1998
Height: 5'6"Complexion: Fair
Education: B.Sc. and B.H.Sc. (Canada)
Profession: Employed in a Government Hospital, Ontario (Canada)
Gotra: Kanithlia / Panthila
Preferred Match: Well-educated, tall, Canadian P.R. holder or Citizen
Contact:S. Ranjit Singh
House No. 99, Sun Enclave, Ropar
Phone: 94177-33307

## WANTED BRIDE

Sikh Jat family looking for sikh girl from NY Tri-State area for their son ,born 1988, 5'9", handsome, intelligent, virtual event producer, 6 figure income, born, US citizen.
Pls call or write Rita G. 917 797 1117 or Email: sikhgurus@gmail.com.

## MATRIMONIAL

Name: Saini Sikh Girl
Date of Birth: 29 August 1994, Height: 5'3"Complexion: Fair
Education: B.Tech (Computer Science & Engineering), Post Graduate Diploma in Cyber Security Profession: Employed in Canada (Permanent Resident)
Income: 6,000 CAD per month
Gotra: Dhamrait / Banwait
Preferred Match: Equally qualified match, either from India or Canada
Contact:S. Jasvir SinghJagjit Nagar, RoparPhone: 94642-55626

## MATRIMONIAL

Name: Saini Hindu Girl (Divorced)
Date of Birth: 10 February 1991
Time of Birth: 12:30 PM (Ambala)
Height: 5'1" Complexion: Fair
Education: Degree in Nursing and B.A.
Profession: Staff Nurse at a Private Hospital
Gotra: Medhwan / Lambe
Preferred Match: Suitable, understanding, and well-settled Punjabi Saini match
Contact:Mr. Rann Singh / Ms. Samiksha Saini
House No. 1, Raipur Khurd, Chandigarh 160003Phone: 79733-01900

## WANTED BRIDE

Punjabi, sikh, parents invite correspondence for their Clean shaven, 35 y, 5'9", US born, virtual event producer, family oriented, indeoendant, charming, son.Pls contact parents sikhgurus@gmail.com or 917 797 1117

## MATRIMONIAL

Saini Hindu Girl – Fair, 5'4", D.O.B. 11.11.1998, B.Tech (CSE), employed as Data Scientist at Cars24. Belongs to a respectable family (Gotra: Sutrala/Chera). Seeks well-educated Hindu Saini boy from a good family background.
Contact: Chander Mohan, #90, Ward No. 5, Shri Chamkaur Sahib Road, Near Anaj Mandi, Distt. Ropar.Ph: 94649-44305

## MATRIMONIAL

Saini Sikh Girl – Fair, 5'7", D.O.B. 09.11.1993, B.Tech (CSE), M.S. (CSE, USA), working as Software Engineer in USA, earning USD 1,00,000 annually. Belongs to a respectable family (Gotra: Nanuan/Gidde). Seeks well-qualified, vegetarian Sikh boy with USA/Canada PR or citizenship.Contact: Satwinder Singh, Flat No. A-604, Palm Village, Sec-126, Mohali.Ph: 81460-22355

## MATRIMONIAL

Saini Sikh Girl – Fair, 5'3", D.O.B. 24.08.1999, B.Sc. Nursing, pursuing M.Sc. Nursing. Belongs to a respectable family (Gotra: Nanuan/Dhamrait). Seeking a well-educated, suitable Sikh boy, preferably from Ropar area. Contact: S. Jagdev Singh, Vill. Tajowal, Distt. S.B.S. Nagar. Ph: 84279-79909

## MATRIMONIAL

Saini Sikh Boy – Fair, 5'3", D.O.B. 16.10.1994, B.Tech (Civil Engineering), employed with Bentley Systems. Belongs to a respectable family (Gotra: Kloti/Jhaudeer). Seeks suitable, well-educated Saini Sikh girl from a good family background. Contact: Manjit Singh, Jaja Chowk, Tanda, Mohali. Ph: 75080-90397, 98552-24606

## WANTED BRIDE

Saini Sikh Boy – Fair, 5'11", D.O.B. 15.04.1991, BCA, MBA, working as Hotel Manager in Canada on Work Permit. Belongs to a respectable family (Gotra: Masute/Nanuan). Seeks well-educated Saini Sikh girl, preferably professionally qualified. Contact: S. Gurpal Singh, Village Kherabad, Distt. Ropar.Ph: 62806-07428, 98789-61079

## WANTED BRIDE

Saini Sikh Boy – Fair, 5'8", D.O.B. 06.08.1991, Diploma in Mechanical Engineering, employed as Conductor in PRTC. Belongs to a respectable family (Gotra: Masuta/Nanuan). Seeks suitable, well-educated Saini Sikh girl from a good family. Contact: S. Hazara Singh, Nanak Pura Colony, Ropar. Ph: 62802-02332, 94177-06563

## WANTED BRIDE

Saini Sikh Boy – Fair, 6', D.O.B. 23.09.1996, B.Com (Hons) Delhi University, Global Business Management (Humber College, Toronto). Working as Finance/Accounts Professional in Canada. Income CAD 65,000 p.a. (Gotra: Banwait). Seeks well-educated, decent Saini Sikh girl (Height 5'3" & above), PR/Citizen of Canada preferred.Contact: S. Jasbir Singh Saini, A-2/76, 3rd Floor, Paschim Vihar, New Delhi – 110063.Ph: 98110-35915

## WANTED BRIDE

Saini Sikh Boy – Fair, 5'10", D.O.B. Jan 1996, M.Sc. (Agriculture), employed with HDFC Bank, Mohali. Belongs to a respectable family (Gotra: Mundra/Gahunia). Seeks suitable, well-educated Saini Sikh girl from a decent family background.Contact: Manjit Singh, #4533, Haveli (Kalan).Ph: 97819-92581

 Copyright: Apna Punjab Media 2025-26 

